# ਵਿਗਾਨ (WIGAN) ਦੀ ਵਿੱਦਿਅਕ ਮਨੋਵਿਗਿਆਨ ਸੇਵਾ

# ਵਿਗਾਨ ਮੈਟਰੋਪੋਲੀਟਨ ਬਰੋ ਕੌਂਸਲ (MBC)

# ਬੱਚਿਆਂ ਅਤੇ ਕਿਸ਼ੋਰ ਲੋਕਾਂ ਦੀਆਂ ਸੇਵਾਵਾਂ

# ਸੇਵਾ ਪੱਧਰੀ ਗਾਈਡ

# 2006-2007

ਇਹ ਗਾਈਡ www.wiganschoolsonline.net ਰਾਹੀਂ ਵੈੱਬ ਤੇ ਰੱਖੀ ਜਾਵੇਗੀ (Access ਅਤੇ Inclusion ਖੰਡ ਵਿੱਚ) ਅਤੇ ਸਾਲ ਵਿੱਚ ਘੱਟੋ ਘੱਟ ਇੱਕ ਵਾਰ ਇਸਦਾ ਨਵੀਨੀਕਰਨ ਕੀਤਾ ਜਾਵੇਗਾ।

# ਮਿਸ਼ਨ ਬਿਆਨ

ਵਿੱਦਿਅਕ ਮਨੋਵਿਗਿਆਨ ਸੇਵਾ (The Educational Psychology Service) ਇੱਕ ਅਜਿਹੇ ਸਿੱਖਿਆ ਸਬੰਧੀ ਵਾਤਾਵਰਣ ਦੇ ਵਿਕਾਸ ਅਤੇ ਹਿਮਾਇਤ ਵਿੱਚ ਮਨੋਵਿਗਿਆਨ ਨੂੰ ਲਾਗੂ ਕਰੇਗੀ ਜਿਸ ਵਿੱਚ ਸਾਰੇ ਬੱਚਿਆਂ ਨੂੰ ਸ਼ਾਮਲ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਮੁੱਲਵਾਨ ਸਮਝਿਆ ਜਾਂਦਾ ਹੈ ਅਤੇ ਜਿਸ ਵਿੱਚ ਉਨ੍ਹਾਂ ਕੋਲ ਤ੍ਰਿਪਤ ਬਾਲਗ ਬਣਨ ਦਾ ਹਰ ਮੌਕਾ ਹੋਵੇਗਾ।

## ਵਿੱਦਿਅਕ ਮਨੋਵਿਗਿਆਨ ਸੇਵਾ (Educational Psychology Service)

**ਪਤਾ**

The Investment Centre,
Waterside Drive,
Wigan,
WN3 5BA.

ਟੈਲਿਫ਼ੋਨ

01942 705422

**ਫ਼ੈਕਸ**

01942 705323

# ਵਿਸ਼ਾ ਵਸਤੂ

## ਪਾਠ


| | |
|---|---|
| 1 | ਅਮਲੇ ਦੀ ਸੂਚੀ |
| 2 | ਖੇਤਰੀ ਟੀਮਾਂ |
| 3 | ਵਿੱਦਿਅਕ ਮਨੋਵਿਗਿਆਨ ਸੇਵਾ ਵੱਲੋਂ ਪੇਸ਼ਕਸ਼ ਕੀਤੇ ਜਾਂਦੇ ਕਾਰਜ ਦੀ ਮਾਰ |
| 4 | ਵਿੱਦਿਅਕ ਮਨੋਵਿਗਿਆਨ ਸੇਵਾ ਦਾ ਕੰਮ |
| 5 | ਸੇਵਾ ਦੇ ਸਬੰਧ ਵਿੱਚ ਵਿਗਾਨ (Wigan) ਦਾ ਸ਼ੁਰੂਆਤੀ ਸਾਲਾਂ ਦਾ ਮਾਡਲ |
| 6 | ਮੁੱਢਲੀ ਬਾਲ ਦਿਮਾਗੀ ਸਿਹਤ ਸੇਵਾ (Primary Child Mental Health Service) ਦੇ ਨਾਲ ਵਿੱਦਿਅਕ ਮਨੋਵਿਗਿਆਨ ਦੀ ਸ਼ਮੂਲੀਅਤ |
| 7 | ਵਿੱਦਿਅਕ ਮਨੋਵਿਗਿਆਨ ਸੇਵਾ ਤੋਂ, ਸਕੂਲ/ਸਥਾਪਨਾਵਾਂ/ਅਦਾਰੇ ਕੀ ਉਮੀਦ ਕਰ ਸਕਦੇ ਹਨ |
| 8 | ਵਿੱਦਿਅਕ ਮਨੋਵਿਗਿਆਨ ਦੇ ਸਮੇਂ ਦੀ ਸਭ ਤੋਂ ਵਧੀਆ ਤਰੀਕੇ ਨਾਲ ਵਰਤੋਂ ਕਿਵੇਂ ਕਰੀਏ |

## 1. ਅਮਲੇ ਦੀ ਸੂਚੀ

| ਨਾਮ | ਅਹੁਦਾ | | FT |
|---|---|---|---|
| ਐਮਾ ਈਟਕਿਸ | ਸੀਨੀਅਰ ਵਿੱਦਿਅਕ ਮਨੋਵਿਗਿਆਨਕ | (SEP) | 0.7 |
| ਟੀਨਾ ਢਿੱਲੋਂ | ਵਿੱਦਿਅਕ ਮਨੋਵਿਗਿਆਨਕ | (EP) | 1.0 |
| ਡੈਬੀ ਹੈਫਨਰ | ਵਿੱਦਿਅਕ ਮਨੋਵਿਗਿਆਨਕ | (EP) | 1.0 |
| ਰੈਚਲ ਹਾਰਟਲੇ | ਵਿੱਦਿਅਕ ਮਨੋਵਿਗਿਆਨਕ | (EP) | 1.0 |
| ਕਾਈਟਰੀਓਨਾ ਹੋਗਾਨ | ਵਿੱਦਿਅਕ ਮਨੋਵਿਗਿਆਨਕ | (EP) | 1.0 |
| ਕੈਰੋਲੀਨ ਗੋਮਜ਼ | ਵਿੱਦਿਅਕ ਮਨੋਵਿਗਿਆਨਕ | (EP) | 1.0 |
| ਨੂਪੁਰ ਗੁਪਤਾ | ਵਿੱਦਿਅਕ ਮਨੋਵਿਗਿਆਨਕ | (EP) | 1.0 |
| ਹੀਥਰ ਫੈਲਸਟੋਨ | ਸੀਨੀਅਰ ਅਭਿਆਸ ਕਰਤਾ ਵਿੱਦਿਅਕ ਮਨੋਵਿਗਿਆਨਕ | (SPEP) | 1.0 |
| ਸਾਈਮਨ ਜੈਨਰ | ਮੁੱਖ ਵਿੱਦਿਅਕ ਮਨੋਵਿਗਿਆਨਕ | (PEP) | 1.0 |
| ਵਿਵੀਅਨ ਰੈਨਕਿਨ | ਸੀਨੀਅਰ ਅਭਿਆਸ ਕਰਤਾ ਵਿੱਦਿਅਕ ਮਨੋਵਿਗਿਆਨਕ | (SPEP) | 1.0 |
| ਲਿਜ਼ੀ ਰਾਥ | ਵਿੱਦਿਅਕ ਮਨੋਵਿਗਿਆਨਕ | (EP) | 1.0 |
| ਐਰਿਕ ਸਿਲਕ | ਸੀਨੀਅਰ ਅਭਿਆਸ ਕਰਤਾ ਵਿੱਦਿਅਕ ਮਨੋਵਿਗਿਆਨਕ | (SPEP) | 0.5 |
| ਲੂਈਸ ਟਿਊਰਸਲੇ | ਸੀਨੀਅਰ ਵਿੱਦਿਅਕ ਮਨੋਵਿਗਿਆਨਕ | (SEP) | 1.0 |

## ਸਹਾਇਕ ਅਮਲਾ

| ਨਾਮ | ਅਹੁਦਾ | FT |
|---|---|---|
| ਈਨਿਡ ਸਿਲਵੈਸਟਰ | ਦਫਤਰ ਪ੍ਰਬੰਧਕ | 1.0 |
| ਵਿਵ ਹੈਸਲਰ | ਨਿੱਜੀ ਸਹਾਇਤਾ ਸਹਾਇਕ (ਆਰਜ਼ੀ) | 0.4 |
| ਬਾਰਬਾਰਾ ਫਿੱਟਨ | ਕਲਰਕੀ ਸਹਾਇਕ | 0.5 |

## 2. ਖੇਤਰੀ ਟੀਮਾਂ

| **ਪੱਛਮ** | **ਕੇਂਦਰੀ** | **ਪੂਰਬ** |
|---|---|---|
| ਲੂਈਸ ਟਿਊਰਸਲੇ (SEP) | SEP ਦੀ ਪਦਵੀ ਖਾਲੀ ਹੈ | ਐਮਾ ਐਟਕਿਸ (SEP) – 0.7 |
| ਟੀਨਾ ਢਿੱਲੋਂ | ਨੂਪੁਰ ਗੁਪਤਾ | ਰੈਚਲ ਹਾਰਟਲੇ |
| ਐਰਿਕ ਸਿਲਕ (SPEP) 0.5 | ਕੈਰੋਲੀਨ ਗੋਮਜ਼ | ਡੈਬੀ ਹੈਫਨਰ |
| ਵਿਵ ਰੈਨਕਿਨ (SPEP) | | |
| ਲਿਜ਼ੀ ਰਾਥ | | |
| | | |

ਸਾਰੇ ਸੀਨੀਅਰਾਂ ਕੋਲ ਪ੍ਰਬੰਧਕੀ/ਯੁੱਧਨੀਤਕ ਕੰਮ ਵਾਸਤੇ 0.5 ਦੇ ਬਰਾਬਰ ਦਾ ਪੂਰਾ ਸਮਾਂ (fte) ਹੈ। ਵਿਵ ਰੈਨਕਿਨ ਮੁੱਢਲੀ ਬਾਲ ਅਤੇ ਦਿਮਾਗੀ ਸਿਹਤ ਟੀਮ ਨੂੰ 0.5 ਦੇ ਬਰਾਬਰ ਦਾ ਪੂਰਾ ਸਮਾਂ ਦਿੰਦਾ ਹੈ, ਹੀਥਰ ਫੈਲਸਟੋਨ ਅਤੇ ਟੀਨਾ ਢਿੱਲੋਂ 0.4 ਅਤੇ ਐਮਾ ਐਟਕਿਸ 0.2 ਦੇ ਬਰਾਬਰ ਦਾ ਪੂਰਾ ਸਮਾਂ (fte) ਦਿੰਦੇ ਹਨ। ਇਹ ਸੇਵਾ ਸ਼ੁਰੂਆਤੀ ਸਾਲਾਂ ਵਿੱਚ 1.6 ਦੇ ਬਰਾਬਰ ਦਾ ਪੂਰਾ ਸਮਾਂ (fte) ਵੀ ਦਿੰਦੀ ਹੈ।

ਜਨਵਰੀ 2006 ਵਿੱਚ ਖੇਤਰੀ ਟੀਮਾਂ ਵਿੱਚ ਸ਼ਾਮਲ ਕੀਤੇ ਜਾਣ ਵਾਲੇ

- ਕਾਈਟਰੀਓਨਾ ਹੋਗਾਨ
- ਹੀਥਰ ਫੈਲਸਟੋਨ (SPEP)

ਸਾਈਮਨ ਜੈਨਰ, ਅਭਿਆਸਕਰਤਾ ਵਿੱਦਿਅਕ ਮਨੋਵਿਗਿਆਨਕ (PEP) ਸਾਰੇ ਖੇਤਰਾਂ ਵਿੱਚ ਕੁਝ ਕੁ ਸਥਾਪਨਾਵਾਂ ਨੂੰ ਕੱਜਦਾ ਹੈ ਅਤੇ ਵਿਕਲਪਕ ਕੱਜਣ ਦੀ ਵੀ ਵਰਤੋਂ ਕੀਤੀ ਜਾਂਦੀ ਹੈ (ਉਦਾਹਰਨ ਲਈ ਬਿੱਲ ਐਨਸਲੇ SPEP)

ਸਾਰੇ ਵਿੱਦਿਅਕ ਮਨੋਵਿਗਿਆਨਕਾਂ ਕੋਲ, ਬ੍ਰਿਟਿਸ਼ ਸਾਈਕੋਲਾਜਿਸਟ ਸੋਸਾਇਟੀ (The British Psychological Society) ਕੋਲ ਗਰੈਜੂਏਟ ਆਧਾਰ ’ਤੇ ਪੰਜੀਕਰਨ ਵਾਸਤੇ ਮੰਨੀ ਜਾਣ ਵਾਲੀ ਡਿਗਰੀ ਹੈ, ਵਿੱਦਿਅਕ ਮਨੋਵਿਗਿਆਨ ਵਿੱਚ ਇੱਕ ਅਗਲੇਰੀ ਡਿਗਰੀ ਹੈ ਅਤੇ ਉਹ ਇੱਕ ਸਾਲ ਕਿਸੇ ਦੀ ਨਿਗਰਾਨੀ ਅਧੀਨ ਅਭਿਆਸ ਕਰਨ ਦੇ ਬਾਅਦ ਕਿਰਾਏ ਤੇ ਸੇਵਾਵਾਂ ਦੇਣ ਦਾ ਦਰਜ਼ਾ ਹਾਸਲ ਕਰਨ ਵਾਸਤੇ ਯੋਗ ਹੁੰਦੇ ਹਨ। ਮੌਜੂਦਾ ਟੀਮ ਵਿੱਚ ਹਰ ਕਿਸੇ ਕੋਲ ਘੱਟੋ ਘੱਟ ਦੋ ਸਾਲਾਂ ਦਾ ਪੜ੍ਹਾਉਣ ਦਾ ਤਜ਼ਰਬਾ ਹੈ।

ਕਿਰਾਏ ਤੇ ਸੇਵਾਵਾਂ ਦੇਣ ਦੇ ਦਰਜ਼ੇ ਨੂੰ ਬਣਾਈ ਰੱਖਣ ਲਈ ਬਕਾਇਦਾ ਨਵੀਨੀਕਰਿਤ ਲਗਾਤਾਰ ਪੇਸ਼ੇਵਰਾਨਾ ਵਿਕਾਸ (CPD) ਹੁੰਦਾ ਰਹਿੰਦਾ ਹੈ। ਟੀਮ ਵਿੱਚੋਂ ਕਈਆਂ ਕੋਲ ਵਾਧੂ ਯੋਗਤਾਵਾਂ ਵੀ ਹਨ, ਉਦਾਹਰਨ ਲਈ ਡਾਕਟਰੇਟ ਦੀਆਂ ਡਿਗਰੀਆਂ ਅਤੇ ਮੁਹਾਰਤ ਦੇ ਕੁਝ ਵਿਸ਼ੇਸ਼ ਖੇਤਰਾਂ ਵਿੱਚ ਵਿਸ਼ੇਸ਼ ਯੋਗਤਾਵਾਂ

## 3. ਵਿੱਦਿਅਕ ਮਨੋਵਿਗਿਆਨ ਸੇਵਾ ਵੱਲੋਂ ਪੇਸ਼ਕਸ਼ ਕੀਤੇ ਜਾਂਦੇ ਕਾਰਜ ਦੀ ਮਾਰ (range)

### ਵਿਭਿੰਨ ਪੱਧਰਾਂ ਤੇ ਕਾਰਜ਼

- ਕੌਮੀ (ਉਦਾਹਰਨ ਲਈ ਕੌਮੀ ਖੋਜ ਪ੍ਰੋਜੈਕਟ)
- ਸਥਾਨਕ ਅਥਾਰਟੀ
- ਹੋਰਨਾਂ ਸੇਵਾਵਾਂ ਦੇ ਨਾਲ
- ਸਕੂਲ/ਸਥਾਪਨਾਵਾਂ/ਮਾਪੇ/ਸੰਭਾਲਕ
- ਗਰੁੱਪ
- ਵਿਅਕਤੀ ਵਿਸ਼ੇਸ਼

### ਸਾਡੇ ਵੱਲੋਂ ਵਰਤੋਂ ਜਾਂਦੇ ਔਜ਼ਾਰ

- ਸਲਾਹ ਮਸ਼ਵਰਾ (ਬਾਅਦ ਵਿੱਚ ਦੇਖੋ)
- ਪ੍ਰੀਖਣ/ਵਿਚਾਰ ਵਟਾਂਦਰੇ/ਪ੍ਰੋਗਰਾਮਾਂ ਦੇ ਲਾਗੂਕਰਨ/ਟੈਸਟ ਕਰਨ ਰਾਹੀਂ ਮੁਲਾਂਕਣ (ਬਾਅਦ ਵਿੱਚ ਦੇਖੋ)
- ਸਿਲਸਿਲੇਵਾਰ ਕਾਰਜ (ਬਾਅਦ ਵਿੱਚ ਦੇਖੋ)
- ਸਿੱਖਲਾਈ ਅਤੇ ਵਿਕਾਸ
- ਸਮੱਸਿਆ ਹੱਲ ਕਰਨਾ
- ਹੋਰਨਾਂ ਅਦਾਰਿਆਂ ਦੇ ਨਾਲ ਕੰਮ ਕਰਨਾ

### ਕੰਮ ਦੀ ਮਾਰ (range) ਦੀਆਂ ਉਦਾਹਰਨਾਂ

- ਸ਼ੁਰੂਆਤੀ ਸਾਲ
- ਉਸਾਰੂ ਦਿਮਾਗੀ ਸਿਹਤ ਨੂੰ ਉਤਸ਼ਾਹਿਤ ਕਰਨਾ
- ਬਰੋ ਤੋਂ ਬਾਹਰੀ ਮੁਲਾਂਕਣ ਅਤੇ ਕੰਮ
- ਅਤੀ ਅਵੱਸ਼ਕ ਘਟਨਾ ਕਾਰਜ
- ਹੋਰਨਾਂ ਅਦਾਰਿਆਂ ਨਾਲ ਕੰਮ
- ਕੌਮੀ/ਸਥਾਨਕ ਖੋਜ
- ਸਕੂਲ/ਸਥਾਪਨਾ ਆਧਾਰਿਤ ਕਾਰਜ
- SEN ਦੇ ਵਿਧਾਨਕ ਮੁਲਾਂਕਣ ਦੇ ਹਿੱਸੇ ਵਜੋਂ ਮਨੋਵਿਗਿਆਨਕ ਸਲਾਹ ਲਿਖਣਾ

### ਸਮੇਂ ਨੂੰ ਪਹਿਲ ਦੇ ਆਧਾਰ ਤੇ ਕਿਸ ਤਰ੍ਹਾਂ ਵੰਡਿਆ ਜਾਂਦਾ ਹੈ

ਵੱਧ ਤੋਂ ਵੱਧ ਸੰਭਵ ਵਿੱਦਿਅਕ ਮਨੋਵਿਗਿਆਨ ਸਮਾਂ (EP time) ਸਥਾਪਨਾਵਾਂ ਵਿੱਚ ਚਲਾ ਜਾਂਦਾ ਹੈ, ਜਿਸ ਵਿੱਚੋਂ ਕੁਝ ਕੁ ਮਾਤਰਾ ਸ਼ੁਰੂਆਤੀ ਸਾਲਾਂ, ਮੁੱਢਲੀ ਬਾਲ ਦਿਮਾਗੀ ਸਿਹਤ ਟੀਮ (PCMHT) ਦੇ ਪ੍ਰੋਜੈਕਟ ਆਧਾਰਿਤ ਕੰਮ, ਬਰੋ ਤੋਂ ਬਾਹਰੀ ਲਗਾਤਾਰ ਪੇਸ਼ੇਵਰਾਨਾ ਵਿਕਾਸ (CPD) ਅਤੇ ਹੋਰ ਅਦਾਰੇ ਦੇ ਕਾਰਜ ਵਾਸਤੇ 'ਟੀਸੀ ਤੋਂ ਕਤਰ ਲਈ ਜਾਂਦੀ ਹੈ'। ਸਕੂਲਾਂ ਨੂੰ ਦਿੱਤੇ ਸਮੇਂ ਵਿੱਚ ਅਸੀਂ ਜ਼ਿਆਦਾਤਾਰ ਹੋਰਨਾਂ ਅਥਾਰਟੀਆਂ ਵਰਗੇ ਹੀ ਹਾਂ।

ਬਕਾਇਦਾ ਯੋਜਨਾਬੰਦੀ ਬੈਠਕਾਂ ਤਰਜੀਹੀਕਰਨ ਕਰਨ ਵਿੱਚ ਮਦਦ ਕਰਦੀਆਂ ਹਨ ਕਿ ਵੰਡੇ ਗਏ ਸਮੇਂ ਦੀ ਸਭ ਤੋਂ ਵਧੀਆ ਤਰੀਕੇ ਨਾਲ ਵਰਤੋਂ ਕਿਵੇਂ ਕਰਨੀ ਹੈ। ਸਾਰੇ ਸਕੂਲਾਂ ਲਈ ਇੱਕ ਆਧਾਰ-ਲਾਈਨ ਸਮੇਂ ਦੇ ਬਾਅਦ, ਇਸ ਸਮੇਂ ਦੀ ਇੱਕ ਫਾਰਮੂਲੇ ਦੇ ਹਿਸਾਬ ਨਾਲ ਗਣਨਾ ਕੀਤੀ ਜਾਂਦੀ ਹੈ ਜੋ ਕਿ ਸਕੂਲ ਦੇ ਆਕਾਰ ਅਤੇ ਸਮਾਜਕ-ਆਰਥਿਕ ਲੋੜ ਦੇ ਨਾਲ ਸਬੰਧਿਤ ਹੁੰਦਾ ਹੈ।

2005/06 ਵਿੱਚ (ਸਤੰਬਰ ਅਤੇ ਜੂਨ ਵਿਚਕਾਰ) ਵਿੱਦਿਅਕ ਮਨੋਵਿਗਿਆਨ ਸੇਵਾ (EPS) ਕੋਲ 781 ਨਵੇਂ ਵਿਅਕਤੀ ਵਿਸ਼ੇਸ਼ਾਂ ਦੀਆਂ ਸਿਫਾਰਸ਼ਾਂ ਆਈਆਂ ਜਿੱਥੇ ਖੁੱਲ੍ਹੇ ਹੋਏ ਮਾਮਲਿਆਂ ਦਾ ਬੋਝ ਸੇਵਾ ਵਾਸਤੇ ਲੱਗਭਗ 7000 ਦੇ ਕਰੀਬ ਜਵਾਨ ਲੋਕ ਸਨ।

630 ਸਕੂਲਾਂ/ਸ਼ੁਰੂਆਤੀ ਸਾਲਾਂ/ਕਾਰਵਾਈ ਜਮ੍ਹਾਂ ਸਬੰਧੀ ਰਿਪੋਰਟਾਂ ਅਤੇ ਸਲਾਹ ਮਸ਼ਵਰੇ ਲਿਖੇ ਗਏ, ਜਦਕਿ 48 ਅੰਤਿਕਾ D ਰਿਪੋਰਟਾਂ ਅਤੇ 255 ਰਿਪੋਰਟਾਂ ਨੇ ਬਿਆਨਾਂ ਦੀ ਮੁੜ ਸਮੀਖਿਆ ਕਰਵਾਈ।

ਇਹ ਸਭ 2 ਜਣੇਪਾ ਛੁੱਟੀਆਂ, 2 ਲੰਬੀ ਮਿਆਦ ਦੀਆਂ ਬੀਮਾਰੀ ਦੀਆਂ ਛੁੱਟੀਆਂ ਅਤੇ (13.1 fte ਵਿੱਚੋਂ) 2 ਅਹੁਦਿਆਂ ਦੇ ਖਾਲੀ ਹੋਣ ਦੇ ਕਥਾਨਕ ਵਿੱਚ 2006 ਦੀਆਂ ਗਰਮੀਆਂ ਦੀ ਟਰਮ ਦੌਰਾਨ ਵਾਪਰਿਆ ਸੀ।

| **ਵਿੱਦਿਅਕ ਮਨੋਵਿਗਿਆਨ ਸੇਵਾ (EPS) ਦੇ ਪ੍ਰਦਸ਼ਨ ਸੂਚਕ 2005/06** | **ਪ੍ਰਾਪਤੀਆਂ** |
|---|---|
| 1. 100% ਵਿਧਾਨਕ ਰਿਪੋਰਟਾਂ ਕਾਨੂੰਨੀ ਸਮਾਂ ਸੀਮਾਵਾਂ ਦੇ ਅੰਦਰ ਅੰਦਰ ਜਮ੍ਹਾਂ ਕਰ ਦਿੱਤੀਆਂ ਗਈਆਂ | 97% |
| 2. ਸੇਵਾ ਦੇ ਕਾਰਜ ਦੇ 60% ਤੋਂ ਬਚਿਆ ਜਾ ਸਕਦਾ ਹੈ ਉਦਾਹਰਨ ਲਈ ਸਕੂਲ/ਸ਼ੁਰੂਆਤੀ ਸਾਲਾਂ ਦੀ ਕਾਰਵਾਈ ਜਮ੍ਹਾਂ ਜਾਂ ਇਸਤੋਂ ਪਹਿਲਾਂ | 81% |
| 3. ਗੈਰ ਵਿਧਾਨਕ ਰਿਪੋਰਟਾਂ/ਸਲਾਹ ਮਸ਼ਵਰਾ ਰਿਕਾਰਡਾਂ ਦੇ 100% ਨੂੰ ਆਖਰੀ ਕਾਰਵਾਈਆਂ ਦੇ 6 ਹਫਤਿਆਂ ਦੇ ਅੰਦਰ ਅੰਦਰ ਭੇਜਿਆ ਜਾਂਦਾ ਹੈ (ਆਮ ਤੌਰ ਤੇ 4 ਹਫਤੇ) | 95% |
| 4. ਟੈਲੀਫੋਨ ਕਾਲਾਂ ਦਾ ਜਵਾਬ 4 ਦਿਨਾਂ ਦੇ ਅੰਦਰ ਦਿੱਤਾ ਜਾਂਦਾ ਹੈ | 100% |
| 5. ਜਵਾਨ ਲੋਕਾਂ/ਬੱਚਿਆਂ ਦੇ ਮੁਲਾਂਕਣਾਂ ਦਾ ਘੱਟੋ ਘੱਟ ਵਾਧੂ ਸਮੇਂ ਦੌਰਾਨ ਵਾਪਰੇਗਾ | 80% |

**2006 ਵਾਸਤੇ ਕੰਮ ਦੀ ਮਾਰ** (ਕਿਰਿਆਵਾਂ ਵਿੱਚ ਖਰਚ ਕੀਤੇ ਸਮੇਂ ਵਿੱਚ, ਕੁਝ ਕੁ ਅੰਕੜੇ ਦੂਜੀ ਵਾਰ ਗਿਣੇ ਗਏ ਕਾਰਜ ਦੀ ਭਾਅ ਮਾਰਦੇ ਹਨ ਉਦਾਹਰਨ ਲਈ ਰਿਪੋਰਟ ਲਿਖਣਾ/ਵਿਅਕਤੀਗਤ ਬੱਚੇ ਦਾ ਕੰਮ)

| | |
|---|---|
| ਸਕੂਲੀ ਉਮਰ ਦੇ ਵਿੱਦਿਆਰਥੀ ਕੰਮ ਕਰਦੇ ਹਨ | 69% |
| ਸ਼ੁਰੂਆਤੀ ਸਾਲਾਂ ਵਿੱਚ ਬਾਲ ਕਾਰਜ | 11% |
| ਇਨਸੈੱਟ/ਵਿਕਾਸ ਕਾਰਜ/ਪ੍ਰਣਾਲੀਆਂ ਦਾ ਕਾਰਜ | 7% |
| ਰਿਪੋਰਟ ਲਿਖਣਾ | 22% (ਜਿਸ ਵਿੱਚੋਂ ਕੁਝ ਕੁ ਦਾ ਇਸ਼ਾਰਾ ਉੱਪਰ ਦਿੱਤੇ ਕੰਮ ਵਿੱਚ ਵੀ ਦਿੱਤਾ ਗਿਆ ਹੈ) |
| ਆਮ ਪ੍ਰਸ਼ਾਸ਼ਨ | 5% |
| ਹੋਰਨਾਂ ਅਦਾਰਿਆਂ ਦੇ ਨਾਲ ਕੰਮ (ਜੋ ਸਕੂਲੀ ਉਮਰ ਦੇ ਕੰਮ/ਸ਼ੁਰੂਆਤੀ ਸਾਲਾਂ ਦੇ ਕੰਮ ਵਿੱਚ ਸ਼ਾਮਲ ਨਹੀਂ ਹੈ) | 5% |
| ਬੈਠਕਾਂ (ਉਦਾਹਰਨ ਲਈ ਸੁਰੱਖਿਅਤ ਕਰਨਾ/ਯੋਜਨਾਬੰਦੀ ਕਰਨਾ) | 8% |

## 4. ਵਿੱਦਿਅਕ ਮਨੋਵਿਗਿਆਨ ਸੇਵਾ ਦਾ ਕੰਮ

### a. ਸਲਾਹ ਮਸ਼ਵਰਾ ਅਤੇ ਵਿੱਦਿਅਕ ਮਨੋਵਿਗਿਆਨਕਾਂ ਦਾ ਕੰਮ

### ਸਲਾਹ ਮਸ਼ਵਰੇ ਦਾ ਕੀ ਮਤਲਬ ਹੈ?

ਸਲਾਹ ਮਸ਼ਵਰਾ ਇੱਕ ਵਿਧੀ ਹੈ ਜਿਸਦਾ ਵਿਗਾਨ ਸਮੇਤ ਸਾਰੇ ਦੇਸ਼ ਵਿੱਚ ਪਿਛਲੇ ਕਈ ਸਾਲਾਂ ਤੋਂ ਵਿਕਾਸ ਕੀਤਾ ਗਿਆ ਹੈ। ਇਹ ਵਿਧੀ ਮੁਲਾਂਕਣਾਂ, ਪ੍ਰੀਖਣਾਂ ਅਤੇ ਹੋਰ ਦਖਲ- ਅੰਦਾਜ਼ੀਆਂ ਦੇ ਨਾਲ ਬੈਠਦੀ ਹੈ।

ਇਹ:-

- ਸ਼ੰਕਿਆਂ ਨੂੰ ਸੁਣਨ ਦੀ ਵਿਧੀ ਅਤੇ ਇੱਕ ਸੰਯੁਕਤ ਪਹੁੰਚ ਬਣਾਉਣਾ ਹੈ
- ਮਨੋਵਿਗਿਆਨਕ ਮਾਡਲਾਂ ਅਤੇ ਸਿੱਧਾਂਤਾਂ ਦੇ ਆਧਾਰ ਤੇ ਕਿਸੇ ਸਮੱਸਿਆ ਨੂੰ ਹੱਲ ਕਰਨ ਲਈ ਇੱਕ ਵਿਧੀ ਹੈ
- ਇੱਕ ਅਜਿਹੀ ਵਿਧੀ ਹੈ ਜੋ ਅਜਿਹੀਆਂ ਯੋਜਨਾਵਾਂ ਨੂੰ ਘੜਨ ਦੇ ਯੋਗ ਬਣਾਉਂਦੀ ਹੈ ਜੋ ਪ੍ਰਾਪਤ ਕਰਨਯੋਗ ਹਨ
- ਸਥਿਤੀ ਵਿੱਚ ਉਸਾਰੂ ਤਬਦੀਲੀਆਂ ਲਈ ਦੇਖਦੀਆਂ ਵਿਧੀਆਂ ਹਨ
- ਪਹਿਲਾਂ ਤੋਂ ਹੀ ਉਪਲਬਧ ਮੁਹਾਰਤਾਂ/ਯੁੱਧਨੀਤੀਆਂ ਦੀ ਖੋਜ ਕਰਨ ਅਤੇ ਉਨ੍ਹਾਂ ਉੱਪਰ ਹਾਂ-ਪੱਖੀ ਉਸਾਰੀ ਕਰਨ ਦੇ ਤਰੀਕੇ ਹਨ
- ਮੁੱਦਿਆਂ ਤੇ ਡੂੰਘਾਈ ਨਾਲ ਵਿਚਾਰ ਵਟਾਂਦਰਾ ਕਰਨ ਦੇ ਮੌਕੇ ਹਨ

### ਵਿਗਾਨ ਵਿੱਦਿਅਕ ਮਨੋਵਿਗਿਆਨ ਸੇਵਾ (EPS), ਇਸ ਵਿਧੀ ਦੀ ਵਰਤੋਂ ਕਿਉਂ ਕਰਦੀ ਹੈ?

ਵਿਗਾਨ ਦੀਆਂ ਸਥਾਪਨਾਵਾਂ ਵਿੱਚ ਪਹਿਲਾਂ ਹੀ ਵਾਧੂ ਲੋੜਾਂ ਵਾਲੇ ਵਿਦਿਆਰਥੀਆਂ ਦੀ ਸਹਾਇਤਾ ਕਰਨ ਲਈ ਰਣਨੀਤੀਆਂ ਦੀ ਇੱਕ ਵਿਆਪਕ ਲੜੀ ਹੈ ਅਤੇ ਸਲਾਹ ਮਸ਼ਵਰਾ ਇਨ੍ਹਾਂ ਵਿੱਚ ਸੁਧਾਰ ਕਰਨ ਅਤੇ ਇਨ੍ਹਾਂ ਉੱਪਰ ਉਸਾਰੀ ਕਰਨ ਦੀ ਇੱਕ ਵਿਧੀ ਹੈ।

### ਵਿਹਾਰ ਵਿੱਚ ਇਹ ਕਿਸ ਤਰ੍ਹਾਂ ਲੱਗਦੀ ਹੈ?

ਹੱਲ ਨੂੰ ਅਜਿਹਾ ਹੋਣ ਦੇ ਯੋਗ ਬਣਾਉਂਦੇ ਹੋਏ, ਜੋ ਯਥਾਰਥਕ ਹੋਵੇ, ਵਿੱਦਿਅਕ ਮਨੋਵਿਗਿਆਨਕ ਅਤੇ 'ਮੁੱਦਾ ਮਾਲਕ' ਨੂੰ ਤਬਦੀਲੀ ਸਲਾਹ ਮਸ਼ਵਰੇ ਵਿੱਚ ਹਿੱਸਾ ਲੈਣਾ ਚਾਹੀਦਾ ਹੈ।

ਸਲਾਹ ਮਸ਼ਵਰਾ ਅਜਿਹੇ ਪ੍ਰੋਗਰਾਮਾਂ ਦਾ ਦਾਨ ਨਹੀਂ ਹੈ ਜੋ ਗੈਰ-ਯਥਾਰਥਵਾਦੀ ਹੋਣ, ਨਾ ਹੀ ਇਹ ਇੱਕ ਅਜਿਹੀ ਗੱਲਬਾਤ ਹੈ ਜਿਸਦਾ ਕੋਈ ਢਾਂਚਾ ਜਾਂ ਉਸਾਰੂ ਸਿੱਟੇ ਨਹੀਂ ਹੁੰਦੇ। ਪਰ ਫਿਰ ਵੀ, ਦੋਨਾਂ ਧਿਰਾਂ ਦੁਆਰਾ ਇੱਕ ਅਜਿਹੇ ਕਥਾਨਕ ਅੰਦਰ ਖਿਆਲਾਂ ਦੀ ਸਿਰਜਣਾ ਕੀਤੀ ਜਾਂਦੀ ਹੈ ਜਿੱਥੇ ਤਬਦੀਲੀ ਦੀ ਯੋਜਨਾ ਬਣਾਈ ਜਾ ਸਕਦੀ ਹੈ।

ਕਿਸੇ ਵੀ ਵਿਅਕਤੀਗਤ ਦਖ਼ਲਅੰਦਾਜ਼ੀਆਂ ਤੋਂ ਪਹਿਲਾਂ, ਮੁੱਦੇ ਨੂੰ ਸਪੱਸ਼ਟ ਕੀਤਾ ਜਾਵੇਗਾ ਅਤੇ ਇਸਦੀ ਵਧੇਰੇ ਡੂੰਘਾਈ ਨਾਲ ਖੋਜ ਕੀਤੀ ਜਾਵੇਗੀ। ਕਈ ਵਾਰ ਕਿਸੇ ਵਿਅਕਤੀ ਵਿਸ਼ੇਸ਼ ਨਾਲ ਕੰਮ ਕਰਨਾ ਵੀ ਵਾਪਰੇਗਾ ਪਰ ਇਹ ਹਮੇਸ਼ਾ ਜ਼ਰੂਰੀ ਨਹੀਂ ਹੈ। ਇੱਕ ਤਬਦੀਲੀ ਦੀ ਗੱਲਬਾਤ (ਸਲਾਹ ਮਸ਼ਵਰਾ) ਫਰਕ ਲਿਆਉਣ ਦੇ ਤਰੀਕਿਆਂ ਤੇ ਫੈਸਲਾ ਕਰਨ ਵਾਸਤੇ ਹੋਵੇਗੀ।

ਵਿਗਾਨ ਵਿੱਦਿਅਕ ਮਨੋਵਿਗਿਆਨ ਸੇਵਾ (EPS) ਸਲਾਹ ਮਸ਼ਵਰੇ ਦੀ ਕਈ ਹਾਲਤਾਂ ਵਿੱਚ ਵਰਤੋਂ ਕਰੇਗੀ ਤਾਂ ਕਿ ਬੱਚਿਆਂ, ਜਵਾਨ ਲੋਕਾਂ, ਸੰਭਾਲਕਾਂ ਅਤੇ ਸਥਾਪਨਾਵਾਂ ਵਾਸਤੇ ਰਣਨੀਤੀਆਂ ਦੀ ਇੱਕ ਢਾਂਚਾਗਤ ਖੋਜ ਦੁਆਰਾ ਉਸਾਰੂ ਸਿੱਟਿਆਂ ਦੀ ਪ੍ਰਾਪਤੀ ਕੀਤੀ ਜਾ ਸਕੇ। ਇਹ ਅਜਿਹੇ ਪ੍ਰੋਗਰਾਮਾਂ ਨੂੰ ਏਕੀਕਿਰਤ ਕਰਕੇ, ਜੋ ਪ੍ਰਾਪਤ ਕਰਨ ਯੋਗ ਹੁੰਦੇ ਹਨ, ਸਥਾਪਨਾਵਾਂ ਵਾਸਤੇ ਸਿੱਖਿਆ ਨੂੰ ਜਨਮ ਦਿੰਦੇ ਹਨ ਅਤੇ ਮੌਜੂਦ ਵਧੀਆ ਪ੍ਰਥਾ ਤੇ ਉਸਾਰੀ ਕਰਨ ਨੂੰ ਜਨਮ ਦਿੰਦੇ ਹਨ, ਮੁਲਾਂਕਣ ਦੇ ਵਾਧੂ ਸਮੇਂ ਵਿੱਚ ਮਦਦ ਕਰਦੀ ਹੈ। ਇਸ ਕਰਕੇ ਇਹ ਪਹੁੰਚ, ਸਿੱਖਿਆ ਵਾਸਤੇ ਹਾਲਤਾਂ ਵਿੱਚ ਸੁਧਾਰ ਕਰਨ ਦੇ ਸਬੰਧ ਵਿੱਚ ਅਤੇ ਇੱਕ ਸਮਾਂ ਮਿਆਦ ਵਿੱਚ ਮੁਲਾਂਕਣਾਂ ਨੂੰ ਕਰਨ ਦੇ ਸਬੰਧ ਵਿੱਚ ਵਾਧੂ ਲੋੜਾਂ (The Additional Needs) ਵਾਲੀ ਫਾਈਲ ਵਿੱਚ ਦਰਸਾਈਆਂ ਪ੍ਰਕਿਰਿਆਵਾਂ ਵਿੱਚ ਯੋਗਦਾਨ ਪਾਉਂਦੀ ਹੈ।

ਵਰਤੇ ਜਾਣ ਵਾਲੇ ਕੁਝ ਮਨੋਵਿਗਿਆਨਕ ਮਾਡਲਾਂ ਵਿੱਚ ਸਵੈ-ਪ੍ਰਬੰਧਿਤ ਸਿੱਖਿਆ (Self Organised Learning), ਨਿੱਜੀ ਉਸਾਰੀ ਮਨੋਵਿਗਿਆਨ (Personal Construct Psychology), ਹੱਲ 'ਤੇ ਧਿਆਨ ਕੇਂਦਰਿਤ ਵਿਧੀਆਂ (Solution Focused approaches) ਅਤੇ ਕਿਰਿਆ ਸਿੱਧਾਂਤ (Activity Theory) ਹੋਣਗੇ।

## b. ਪ੍ਰੀਖਣ/ਮੁਲਾਂਕਣ

ਪ੍ਰੀਖਣਾਂ ਨੂੰ ਇੱਕ ਚੰਗੀ ਤਰ੍ਹਾਂ ਸੋਚੇ ਵਿਚਾਰੇ ਤਰੀਕੇ ਨਾਲ ਵਰਤਿਆ ਜਾਵੇਗਾ ਤਾਂ ਜੋ ਸਲਾਹ ਮਸ਼ਵਰਿਆਂ ਜਾਂ ਵਿਧਾਨਕ ਸਲਾਹ ਨੂੰ ਸੂਚਿਤ ਕਰਨ ਵਿੱਚ ਮਦਦ ਕੀਤੀ ਜਾ ਸਕੇ।

ਜਿੱਥੇ ਕਿਤੇ ਵੀ ਸੰਭਵ ਹੋਵੇ ਵਿਅਕਤੀਗਤ ਮੁਲਾਂਕਣ ਸਥਾਪਨਾ ਦੇ ਕਥਾਨਕ ਦੇ ਅੰਦਰ ਹੀ ਕੀਤਾ ਜਾਂਦਾ ਹੈ। ਵਿਅਕਤੀਗਤ ਕਾਰਜ ਵਿੱਚ ਸਲਾਹ ਮਸ਼ਵਰੇ, ਸਮਾਂ ਪਾਕੇ ਪ੍ਰੋਗਰਾਮਾਂ ਵਿੱਚ ਹੋਈ ਉੱਨਤੀ ਦਾ ਮੁਲਾਂਕਣ, ਸਿੱਖਿਆ ਲਈ ਬਦਲਦੀਆਂ ਹਾਲਤਾਂ ਵਿਅਕਤੀ ਵਿਸ਼ੇਸ਼ ਵਾਸਤੇ ਤਬਦੀਲੀ ਕਿਵੇਂ ਲਿਆਉਂਦੀਆਂ ਹਨ, ਗਤੀਸ਼ੀਲ ਮੁਲਾਂਕਣ, ਸਾਈਕੋਮੀਟਰਕ (psychometric) ਮੁਲਾਂਕਣ ਅਤੇ ਕਸਵੱਟੀਆਂ ਦੁਆਰਾ ਹਵਾਲਾ ਦਿੱਤੀਆਂ ਵਿਧੀਆਂ, ਸ਼ਾਮਲ ਹੋ ਸਕਦੇ ਹਨ।

ਕੰਮ ਦੇ ਬਾਅਦ, ਬਿਨਾਂ ਢੁਕਵੀਆਂ ਕਾਰਵਾਈਆਂ ਬਾਰੇ ਸਲਾਹ ਮਸ਼ਵਰਾ ਕੀਤਿਆਂ ਕੋਈ ਮੁਲਾਂਕਣ ਨਹੀਂ ਕੀਤਾ ਜਾਵੇਗਾ। ਸਿਵਾਏ ਕੁਝ ਦੁਰਲੱਭ ਹਾਲਾਤਾਂ ਦੇ, ਮੁਲਾਂਕਣ ਸਮਾਂ ਪਾਕੇ ਹੋਣਗੇ ਜਿਸ ਨਾਲ ਲੋੜ ਦੀ ਇੱਕ ਪੂਰੀ ਤਸਵੀਰ ਅਤੇ ਢੁਕਵੀਂ ਸੁਵਿਧਾ ਨੂੰ ਪ੍ਰਾਪਤ ਕਰਨ ਵਿੱਚ ਮਦਦ ਮਿਲੇਗੀ।

## c. ਪ੍ਰਣਾਲੀ ਦਾ ਕਾਰਜ਼

ਸਕੂਲਾਂ/ਸਥਾਪਨਾਵਾਂ/ਹੋਰ ਸੰਸਥਾਵਾਂ ਦੀਆਂ ਲੋੜਾਂ ਦੀ ਪੂਰਤੀ ਕਰਨ ਵਿੱਚ ਮਦਦ ਕਰਨ ਲਈ ਵਿੱਦਿਅਕ ਮਨੋਵਿਗਿਆਨਕ ਲਚਕਦਾਰ ਤਰੀਕੇ ਨਾਲ ਕੰਮ ਕਰਦੇ ਹਨ। ਮੁੱਖ ਅਧਿਆਪਕ ਅਤੇ ਸੀਨੀਅਰ ਪ੍ਰਬੰਧਕਾਂ ਦੁਆਰਾ ਇੱਕ ਨਿਰੰਤਰ ਸਥਾਪਨਾ ਵਿਕਾਸ ਮੁੱਦੇ ਦੇ ਤੌਰ ਤੇ ਵੱਧ ਤੋਂ ਵੱਧ ਸ਼ਮੂਲੀਅਤ ਦੀ ਕਲਪਨਾ ਕੀਤੀ ਜਾਂਦੀ ਹੈ। ਇੱਕ ਵਿਅਕਤੀ ਵਿਸ਼ੇਸ਼ ਬੱਚੇ ਵਾਸਤੇ ਕਾਰਜ ਕੇਵਲ ਤਾਂ ਹੀ ਸਫਲ ਹੋ ਸਕਦਾ ਹੈ ਜੇ ਸੰਸਥਾਗਤ ਅਤੇ ਪ੍ਰਣਾਲੀ ਦੇ ਕਾਰਕਾਂ ਨਾਲ ਨਜਿੱਠਿਆ ਜਾਂਦਾ ਹੈ। ਵਿੱਦਿਅਕ ਮਨੋਵਿਗਿਆਨਕ ਕਿਸੇ ਸਥਾਪਨਾ ਦੇ ਕਥਾਨਕ ਵਿੱਚ ਸ਼ਮੂਲੀਅਤ ਦੇ ਵਿਕਾਸ ਵਿੱਚ ਮੁੱਖ ਯੋਗਦਾਨ ਪਾਉਣ ਵਾਲੇ ਹਨ ਜੋ ਕਿ ਇਸ ਭਰਮ ਦਾ ਆਧਾਰ ਹੈ ਕਿ ਵੱਧ ਤੋਂ ਵੱਧ ਸ਼ਮੂਲੀਅਤ ਇੱਕ ਅਜਿਹਾ ਸਮਾਜਕ ਮਨੋਵਿਗਿਆਨਕ ਮਾਡਲ ਹੈ ਜੋ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਵਾਤਾਵਰਣ ਵਿੱਚ ਇੱਕ ਅੰਤਰ-ਕਿਰਿਆ ਵਜੋਂ ਮੁਸ਼ਕਿਲਾਂ ਦੇ ਖੜ੍ਹੇ ਹੋਣ ਤੇ ਵਿਚਾਰ ਕਰਦਾ ਹੈ। ਸਥਾਪਨਾਵਾਂ ਵਾਸਤੇ ਚੁਣੌਤੀ ਅਜਿਹੀਆਂ ਸੰਸਥਾਵਾਂ ਦਾ ਵਿਕਾਸ ਕਰਨ ਦੀ ਹੈ ਜੋ ਅਜਿਹੀਆਂ ਪ੍ਰਣਾਲੀਆਂ ਨੂੰ ਸਥਾਪਤ ਕਰਨ ਦੁਆਰਾ ਵਿਭਿੰਨਤਾ ਨੂੰ ਉਤਸ਼ਾਹਿਤ ਕਰਦੀਆਂ ਹਨ ਜੋ ਭਾਗੇਦਾਰੀ, ਸਿੱਖਿਆ ਅਤੇ ਪ੍ਰਾਪਤੀ ਵਿੱਚ ਆਉਂਦੇ ਅੜਿੱਕਿਆਂ ਦੀ ਪਛਾਣ ਕਰਦੀਆਂ ਹਨ ਅਤੇ ਇਨ੍ਹਾਂ ਨੂੰ ਦੂਰ

ਕਰਦੀਆਂ ਹਨ। ਵਿੱਦਿਅਕ ਮਨੋਵਿਗਿਆਨੀ ਇਸ ਖੇਤਰ ਵਿੱਚ ਇੱਕ ਮਹੱਤਵਪੂਰਨ ਯੋਗਦਾਨ ਪਾਉਣਾ ਚਾਹੁਣਗੇ। ਪ੍ਰਾਇਮਰੀ ਅਤੇ ਸੈਕੰਡਰੀ ਦੋਨਾਂ ਹੀ ਸਕੂਲਾਂ ਵਿੱਚ, ਸਾਰੀਆਂ ਸਥਾਪਨਾ ਪਹਿਲਕਦਮੀਆਂ ਦੀ ਸੁਵੰਨਤਾ ਵਿੱਚ ਸ਼ਮੂਲੀਅਤ ਹੁੰਦੀ ਆਈ ਹੈ। ਹੁਣੇ ਜਿਹੇ, ਕਈ ਸਥਾਪਨਾਵਾਂ ਇਸਨੂੰ ਵਿੱਦਿਅਕ ਮਨੋਵਿਗਿਆਨ (EP) ਸਮੇਂ ਦੀ ਸਭ ਤੋਂ ਵਧੀਆ ਵਰਤੋਂ ਵਜੋਂ ਮੰਨ ਰਹੀਆਂ ਹਨ ਕਿਉਂਕਿ ਇਹ ਪ੍ਰਭਾਵ ਨੂੰ ਵੱਧ ਤੋਂ ਵੱਧ ਕਰਦਾ ਹੈ ਜਿਸ ਨਾਲ ਵਧੇਰੇ ਬੱਚਿਆਂ ਨੂੰ ਫਾਇਦਾ ਹੁੰਦਾ ਹੈ।

### d. ਸਥਾਨਕ ਅਥਾਰਟੀ ਦੀਆਂ ਪਹਿਲਕਦਮੀਆਂ

ਵਿੱਦਿਅਕ ਮਨੋਵਿਗਿਆਨ ਸੇਵਾ (EPS) , ਚਿਲਡਰਨ ਐਂਡ ਯੰਗ ਪੀਪਲਜ਼ ਸਰਵਿਸਜ (Children and Young Peoples Services), ਲਰਨਿੰਗ ਐਂਡ ਅਟੇਨਮੈਂਟ ਬਰਾਂਚ (Learning and Attainment Branch) ਅਤੇ ਵਧੇਰੇ ਵਿਆਪਕ ਤੌਰ ਤੇ ਸੰਮਤੀ (council) ਦੇ ਨਾਲ ਰਣਨੀਤੀ ਅਤੇ ਵਿਕਾਸ ਵਿੱਚ ਯੋਗਦਾਨ ਪਾਉਂਦੀ ਹੈ। ਇਸਦੀ ਸੰਮਤੀ ਦੀ ਰਣਨੀਤਕ ਯੋਜਨਾ ਦਾ ਹੁੰਗਾਰਾ ਭਰਨ ਵਿੱਚ ਭੂਮਿਕਾ ਹੁੰਦੀ ਹੈ।

ਵਿੱਦਿਅਕ ਮਨੋਵਿਗਿਆਨੀ ਵਿਆਪਕ ਮੁੱਦਿਆਂ ਵਿੱਚ ਯੋਗਦਾਨ ਪਾਉਂਦੇ ਹਨ ਜਿਵੇਂ ਕਿ ਤਬਦੀਲੀ ਦਾ ਪ੍ਰਬੰਧਨ। ਇਸਤੋਂ ਇਲਾਵਾ, ਅਸੀਂ ਅਜਿਹੇ ਖੇਤਰਾਂ ਵਿੱਚ ਯੋਗਦਾਨ ਪਾਇਆ ਹੈ ਜਿਵੇਂ ਕਿ ਸਿੱਖਿਆ, ਅਧਿਆਪਨ ਅਤੇ ਵਰਤਾਓ ਦਾ ਪ੍ਰਬੰਧਨ ਅਤੇ ਸ਼ਮੂਲੀਅਤ ਦੀ ਹਿਮਾਇਤ ਕਰਨਾ ਅਤੇ ਇਸਨੂੰ ਸਰਲ ਬਣਾਉਣਾ। ਵਿੱਦਿਅਕ ਮਨੋਵਿਗਿਆਨੀ ਸਥਾਨਕ ਅਥਾਰਟੀ (LA) ਦੀ ਵੀ ਇਸਦੀਆਂ ਵਿਧਾਨਕ ਜ਼ਿੰਮੇਵਾਰੀਆਂ ਪੂਰੀਆਂ ਕਰਨ ਵਿੱਚ ਸਹਾਇਤਾ ਕਰਦੇ ਹਨ।

### e. ਪ੍ਰੋਜੈਕਟ ਕਾਰਜ਼

ਵਿੱਦਿਅਕ ਮਨੋਵਿਗਿਆਨ ਸੇਵਾ (EPS) ਦੀ ਪ੍ਰੋਜੈਕਟ ਕਾਰਜ ਪ੍ਰਤੀ ਮਜ਼ਬੂਤ ਪ੍ਰਤੀਬੱਧਤਾ ਹੈ। ਇਸ ਸਮੇਂ, ਇਹ ਵਿੱਦਿਅਕ ਮਨੋਵਿਗਿਆਨੀਆਂ (EPs) ਨੂੰ ਬਹੁਮੁੱਲੇ ਅਤੇ ਦਿਲਚਸਪ ਬਹੁਤ ਸਾਰੇ ਵਿੰਭਿੰਨ ਕਥਾਨਕਾਂ ਵਿੱਚ ਆਹਰੇ ਲੱਗਣ ਦੀ ਆਗਿਆ ਦਿੰਦੀ ਹੈ। ਸਾਰਾ ਪ੍ਰੋਜੈਕਟ ਕਾਰਜ ਸੰਮਤੀ (Council) ਦੀ ਰਣਨੀਤਕ ਯੋਜਨਾ ਦੀ ਹਿਮਾਇਤ ਕਰਦਾ ਹੈ ਅਤੇ ਇਹ ਵਿਆਪਕ ਪਸਾਰ ਦੀ ਪ੍ਰਵਿਰਤੀ ਵਾਲਾ ਹੈ। ਅਗਲੇਰੇ ਵਿਸਥਾਰ ਤੁਹਾਡੇ ਵਿੱਦਿਅਕ ਮਨੋਵਿਗਿਆਨੀ ਤੋਂ ਯੋਜਨਾਬੰਦੀ ਬੈਠਕਾਂ ਵਿੱਚ ਪ੍ਰਾਪਤ ਕੀਤੇ ਜਾ ਸਕਦੇ ਹਨ।

### f. ਹੋਰ ਕੰਮ

ਇਸ ਵਿੱਚ ਸ਼ਾਮਲ ਹੈ, ਉਦਾਹਰਨ ਲਈ ਬੋਰੇ ਤੋਂ ਬਾਹਰੀ ਮੁਲਾਂਕਣ/ਸਮੀਖਿਆ, ਅਤੀ ਅਵੱਸ਼ਕ ਘਟਨਾ ਕਾਰਜ (Critical Incident Work) ਜਿੱਥੇ ਸਥਾਪਨਾਵਾਂ/ਵਿਅਕਤੀ ਵਿਸ਼ੇਸ਼ਾਂ ਦੀ ਵਿਗਾਨ ਵਿਦਿਆਰਥੀਆਂ ਦੀ ਕਿਸੇ ਘਟਨਾ ਦੇ ਬਾਅਦ ਸਹਾਇਤਾ ਕੀਤੀ ਜਾਵੇਗੀ ਅਤੇ ਰਣਨੀਤਕ ਆਧਾਰ ਤੇ ਵਿੰਨਣਯੋਗ ਗਰੁੱਪਾਂ ਦੇ ਨਾਲ ਕੰਮ।

## 5. ਸੇਵਾ ਦੇ ਸਬੰਧ ਵਿੱਚ ਵਿਗਾਨ (Wigan) ਦਾ ਸ਼ੁਰੂਆਤੀ ਸਾਲਾਂ ਦਾ ਮਾਡਲ

ਵਿੱਦਿਅਕ ਮਨੋਵਿਗਿਆਨ ਦੀ ਅਦਾਇਗੀ ਸ਼ੁਰੂਆਤੀ ਸਾਲਾਂ ਦੇ ਅੰਦਰ ਖੇਤਰੀ ਆਧਾਰ ਤੇ ਕੀਤੀ ਜਾਂਦੀ ਹੈ ਜਿਸ ਦੁਆਰਾ ਤਿੰਨੇ ਸ਼ਮੂਲੀਅਤ ਖੇਤਰਾਂ ਵਿੱਚੋਂ ਹਰ ਇੱਕ ਦਾ ਇੱਕ ਮੁੱਖ ਵਿੱਦਿਅਕ ਮਨੋਵਿਗਿਆਨੀ (EP) ਹੁੰਦਾ ਹੈ ਜੋ ਇਸ ਕੰਮ ਵਾਸਤੇ ਸਮਰਪਿਤ ਸਮਾਂ ਦਿੰਦਾ ਹੈ। ਮੁੱਖ EP ਦੀ ਭੂਮਿਕਾ ਹੁੰਦੀ ਹੈ ਉਸਦੇ ਸਾਰੇ ਖੇਤਰ ਵਿੱਚ ਸ਼ੁਰੂਆਤੀ ਸਾਲਾਂ ਦੀ ਸੇਵਾ ਦੀ ਅਦਾਇਗੀ ਵਿੱਚ ਤਾਲਮੇਲ ਬਿਠਾਉਣਾ। ਹਰ ਖੇਤਰ ਨੂੰ ਵਿੱਦਿਅਕ ਮਨੋਵਿਗਿਆਨ ਸਮੇਂ ਦੀ ਵੰਡ ਕੀਤੀ ਜਾਂਦੀ ਹੈ ਜਿਸਦੀ ਵਰਤੋਂ ਮੁੱਖ ਵਿੱਦਿਅਕ ਮਨੋਵਿਗਿਆਨੀ (EP) ਦੁਆਰਾ ਕੀਤੀ ਜਾ ਸਕਦੀ ਹੈ।

ਮੁੱਖ EPs ਸ਼ਿਓਰ ਸਟਾਰਟ ਗੁਣਵਤਾ ਅਤੇ ਸ਼ਮੂਲੀਅਤ ਟੀਮ (Sure Start Quality and Inclusion Team) ਨਾਲ ਪੰਦਰਵਾੜਾ ਯੋਜਨਾਬੰਦੀ ਬੈਠਕਾਂ ਰਾਹੀਂ ਨਜ਼ਦੀਕੀ ਭਾਈਵਾਲੀ ਵਿੱਚ ਕੰਮ ਕਰਦੇ ਹਨ। ਇਨ੍ਹਾਂ ਬੈਠਕਾਂ ਵਿੱਚ ਏਰੀਆ SENCos, ਸ਼ਮੂਲੀਅਤ ਵਰਕਰਾਂ ਅਤੇ ਜਿੱਥੇ ਸੰਭਵ ਹੋਵੇ ਹੋਰਨਾਂ ਸੇਵਾਵਾਂ ਦੇ ਪੇਸ਼ੇਵਰਾਨਾ ਵੱਲੋਂ ਹਾਜ਼ਰੀ ਭਰੀ ਜਾਂਦੀ ਹੈ ਉਦਾਹਰਨ ਲਈ ਸੈਂਸਰੀ ਸਪੋਰਟ (Sensory Support), ਮੇਰੀ ਸ਼ੈਰੀਡਾਨ ਸੈਂਟਰ (Mary Sheridan Centre)। ਵਿਅਕਤੀ ਵਿਸ਼ੇਸ਼ਾਂ, ਗਰੁੱਪਾਂ ਜਾਂ ਸਥਾਪਨਾਵਾਂ ਬਾਰੇ ਸਲਾਹ ਮਸ਼ਵਰਾ ਹੁੰਦਾ ਹੈ। ਇਹ ਲੋੜ ਅਨੁਸਾਰ ਸੇਵਾ ਦੀ ਢੁਕਵੀਂ ਅਦਾਇਗੀ ਦੀ ਆਗਿਆ ਦਿੰਦੀ ਹੈ। ਸੰਭਾਵਿਤ ਸਿੱਟੇ ਹਨਃ

1. ਸਥਾਪਨਾ, ਮਾਪੇ ਜਾਂ ਹੋਰ ਪੇਸ਼ੇਵਰਾਂ ਦੇ ਨਾਲ ਸਲਾਹ ਮਸ਼ਵਰਾ
2. ਪ੍ਰੀਖਣ ਅਤੇ/ਮੁਲਾਂਕਣ
3. ਵਿਕਾਸ ਕਾਰਜ
4. ਸਿਖਲਾਈ

EPs, ਅਕਸਰ ਸ਼ਿਓਰ ਸਟਾਰਟ ਗੁਣਵਤਾ ਅਤੇ ਸ਼ਮੂਲੀਅਤ ਟੀਮ (Sure Start Quality and Inclusion Team) ਦੇ ਮੈਂਬਰਾਂ ਨਾਲ ਸੰਯੁਕਤ ਰੂਪ ਵਿੱਚ ਕੰਮ ਕਰਦੇ ਹਨ ਤਾਂ ਕਿ ਇੱਕ ਤਾਲਮੇਲ ਕੀਤੀ ਪਹੁੰਚ ਨੂੰ ਬਣਾਈ ਰੱਖਿਆ ਜਾ ਸਕੇ।

## 6. ਮੁੱਢਲੀ ਬਾਲ ਦਿਮਾਗੀ ਸਿਹਤ ਟੀਮ [Primary Child Mental Health Team (PCMHT)] ਨਾਲ ਵਿੱਦਿਅਕ ਮਨੋਵਿਗਿਆਨ ਦੀ ਸ਼ਮੂਲੀਅਤ

PCMHT ਇੱਕ ਬਹੁ-ਭਾਂਤੀ ਟੀਮ ਹੈ ਜੋ ਸਾਰੇ ਅਦਾਰਿਆਂ ਵਿੱਚ ਦਿਮਾਗੀ ਸਿਹਤ ਪ੍ਰਤੀ ਇੱਕ ਵਿਹਾਰਕ ਪਰਹੇਜ਼ਕਾਰੀ ਪਹੁੰਚ ਵਿਕਸਤ ਕਰਨ ਦਾ ਨਿਸ਼ਾਨਾ ਰੱਖਦੀ ਹੈ। ਇਹ ਟੀਮ ਬੱਚਿਆਂ (ਪ੍ਰੀ-ਸਕੂਲ ਅਤੇ ਪ੍ਰਾਇਮਰੀ ਸਕੂਲ ਦੀ ਉਮਰ ਦੇ) ਨਾਲ ਸਭ ਤੋਂ ਵੱਧ ਨੇੜੇ ਹੋਕੇ ਕੰਮ ਕਰਨ ਵਾਲੇ ਪੇਸ਼ੇਵਰਾਂ ਨੂੰ, ਉਸਾਰੂ ਦਿਮਾਗੀ ਸਿਹਤ ਅਤੇ ਭਾਵਨਾਤਮਕ ਤੰਦਰੁਸਤੀ ਨੂੰ ਉਤਸ਼ਾਹਿਤ ਕਰਨ ਵਿੱਚ ਸਹਾਇਤਾ ਦੀ ਪੇਸ਼ਕਸ਼ ਕਰਦੀ ਹੈ। ਇਹ ਸਹਾਇਤਾ ਬਹੁਤ ਸਾਰੇ ਰੂਪਾਂ ਵਿੱਚ ਹੋ ਸਕਦੀ ਹੈ:-

- ਟੈਲੀਫ਼ੋਨ ਤੇ ਕੀਤਾ ਸਲਾਹ ਮਸ਼ਵਰਾ
- ਆਮ੍ਹਣੇ ਸਾਮ੍ਹਣੇ ਬੈਠਕੇ ਕੀਤਾ ਸਲਾਹ ਮਸ਼ਵਰਾ
- ਸੰਯੁਕਤ ਮੁਲਾਂਕਣ
- ਸਿੱਧੀ ਸੰਖੇਪ ਦਖਲਅੰਦਾਜੀ
- ਸਿੱਖਲਾਈ

ਇਹ ਟੀਮ ਸਕੂਲ ਆਧਾਰਿਤ ਡਰਾਪ-ਇਨ ਕਾਰਜ-ਕਾਲਾਂ ਅਤੇ ਮਾਪਿਆਂ ਦੇ ਗਰੁੱਪਾਂ ਦੇ ਰੂਪ ਵਿੱਚ ਮਾਪਿਆਂ ਨਾਲ ਕੁਝ ਸਿੱਧੇ ਰੂਪ ਵਿੱਚ ਕੰਮ ਕਰਨ ਦੀ ਵੀ ਪੇਸ਼ਕਸ਼ ਕਰਦੀ ਹੈ। ਜਿੱਥੇ ਕਿਤੇ ਵੀ ਸੰਭਵ ਹੋਵੇ, ਇਹ ਕੰਮ ਹੋਰਨਾਂ ਪੇਸ਼ੇਵਰਾਂ ਦੇ ਤਾਲਮੇਲ ਨਾਲ ਵਾਪਰਦਾ ਹੈ ਤਾਂ ਕਿ ਟੀਮ ਦੇ ਪੇਸ਼ੇਵਰਾਂ ਦੀਆਂ ਮੁਹਾਰਤਾਂ ਦਾ ਵਿਕਾਸ ਕਰਨ ਦੇ ਮੁੱਢਲੇ ਨਿਸ਼ਾਨੇ ਦੀ ਪੂਰਤੀ ਕੀਤੀ ਜਾ ਸਕੇ। ਵਿੱਦਿਅਕ ਮਨੋਵਿਗਿਆਨੀ ਟੀਮ ਦੇ ਕਾਰਜ ਦੇ ਸਾਰੇ ਪੱਖਾਂ ਵਿੱਚ ਸੰਮਿਲਤ ਹੁੰਦੇ ਹਨ। ਉਨ੍ਹਾਂ ਦੀ ਇਸ ਟੀਮ ਵਿੱਚ ਸ਼ਮੂਲੀਅਤ ਇੱਕ ਸੇਵਾ ਪੱਧਰੀ ਇਕਰਾਰਨਾਮੇ ਦਾ ਹਿੱਸਾ ਹੈ ਅਤੇ ਇਸ ਭੂਮਿਕਾ ਵਾਸਤੇ ਵਾਧੂ ਅਮਲੇ ਦੀ ਭਰਤੀ ਕੀਤੀ ਗਈ ਸੀ। 1.5 ਪੂਰੇ ਸਮੇਂ ਦੇ ਬਰਾਬਰ (fte) EPs, PCMHT ਅੰਦਰ ਕੰਮ ਕਰਦੇ ਹਨ।

## 7. ਸਕੂਲ/ਸਥਾਪਨਾਵਾਂ/ਹੋਰ ਅਦਾਰੇ ਵਿੱਦਿਅਕ ਮਨੋਵਿਗਿਆਨ ਸੇਵਾ ਤੋਂ ਕੀ ਉਮੀਦ ਕਰ ਸਕਦੇ ਹਨ (ਕੰਮ ਦੀ ਮਾਰ ਵਾਸਤੇ ਕਿਰਪਾ ਕਰਕੇ ਖੰਡ 4 ਦੇਖੋ)

- **ਟੈਲੀਫੋਨ ਕਾਲਾਂ**

ਵਿੱਦਿਅਕ ਮਨੋਵਿਗਿਆਨ ਸੇਵਾ (EPS) ਦਾ ਦਫਤਰ ਸਵੇਰੇ 8:30 ਤੋਂ ਸ਼ਾਮ 5:00 ਵਜੇ ਤੱਕ ਖੁੱਲ੍ਹਾ ਰਹਿੰਦਾ ਹੈ। ਜੇ ਕੋਈ ਵਿੱਦਿਅਕ ਮਨੋਵਿਗਿਆਨੀ ਦਫਤਰ ਤੋਂ ਬਾਹਰ ਹੈ ਤਾਂ ਸਹਾਇਤਾ ਅਮਲਾ ਕੋਈ ਸੁਨੇਹਾ ਲੈ ਸਕਦਾ ਹੈ। ਸਹਾਇਤਾ ਅਮਲਾ ਕੁਝ ਆਮ ਪੁੱਛਗਿੱਛਾਂ ਦੇ ਜਵਾਬ ਦੇ ਸਕਦਾ ਹੈ। ਪਰ ਫਿਰ ਵੀ, ਜੇ ਤੁਹਾਡਾ ਸਵਾਲ ਵਧੇਰੇ ਵਿਸ਼ੇਸ਼ ਹੈ ਤਾਂ ਅਮਲਾ ਇਸਨੂੰ ਟੀਮ ਦੇ ਕਿਸੇ ਖਾਸ ਮੈਂਬਰ ਨੂੰ ਦੇਣ ਦਾ ਫੈਸਲਾ ਕਰ ਸਕਦਾ ਹੈ। ਇੱਕ 24 ਘੰਟੇ ਚੱਲਣ ਵਾਲੀ ਟੈਲੀਫ਼ੋਨ ਜਵਾਬੀ ਸੇਵਾ ਵੀ ਹੈ। ਕਦੇ ਕਦੇ ਅਮਲੇ ਦੀ ਗੈਰਹਾਜ਼ਰੀ ਕਰਕੇ ਅਜਿਹਾ ਜ਼ਰੂਰੀ ਹੋ ਸਕਦਾ ਹੈ ਕਿ ਤੁਸੀਂ ਸੇਵਾ ਦੇ ਜਵਾਬੀ ਫ਼ੋਨ ਤੇ ਕੋਈ ਸੁਨੇਹਾ ਛੱਡ ਦੇਵੋ। ਪਰ ਫਿਰ ਵੀ, ਸੁਨੇਹਿਆਂ ਨੂੰ ਲਿਖਣ ਵਾਸਤੇ ਬਕਾਇਦਾ ਪ੍ਰਬੰਧਨ ਕੀਤੇ ਜਾਣਗੇ ਅਤੇ ਫੇਰ ਤੁਹਾਡੇ ਸੁਨੇਹੇ ਨੂੰ ਜਿੰਨੀ ਜਲਦੀ ਸੰਭਵ ਹੋਇਆ ਕਿਸੇ ਸਬੰਧਿਤ ਕੋਲ ਭੇਜ ਦਿੱਤਾ ਜਾਵੇਗਾ।

- **ਅਵੰਡਨ ਕੀਤਾ ਸਮਾਂ**

ਵਿੱਦਿਅਕ ਮਨੋਵਿਗਿਆਨ ਸੇਵਾ (EPS) ਦਾ ਨਿਸ਼ਾਨਾ ਹੈ ਸਕੂਲਾਂ/ਹੋਰ ਅਦਾਰਿਆਂ ਨੂੰ ਤਾਜ਼ਾ ਅਵੰਡਨ ਵਿੱਚ ਦਰਸਾਏ ਅਨੁਸਾਰ ਸਮਾਂ ਦੇਣਾ। ਕਦੇ ਕਦੇ ਬੀਮਾਰੀ ਕਰਕੇ ਜਾਂ ਕਿਸੇ ਅਤੀ ਅਵੱਸ਼ਕ ਘਟਨਾ ਨਾਲ ਨਜਿੱਠਣ ਦੀ ਲੋੜ ਦਾ ਪਿੱਛਾ ਕਰਦੇ ਕਰਦੇ ਜਾਂ ਹੋਰ ਕਿਸੇ ਕਾਰਨ ਕਰਕੇ ਜਿਸਤੋਂ ਨਾ ਬਚਿਆ ਜਾ ਸਕਦਾ ਹੋਵੇ, ਹੋ ਸਕਦਾ ਹੈ ਕਿ ਸੂਚੀ-ਦਰਜ਼ ਦੌਰਿਆਂ ਨੂੰ ਥੋੜ੍ਹੇ ਸਮੇਂ ਦੇ ਨੋਟਿਸ ਤੇ ਹੀ ਅੱਗੇ ਪਾਉਣਾ ਪਵੇ। ਜੇਕਰ ਅਜਿਹਾ ਹੈ ਤਾਂ ਤੁਹਾਨੂੰ ਓਨੀ ਜਲਦੀ ਟੈਲੀਫ਼ੋਨ ਕਰ ਦਿੱਤਾ ਜਾਵੇਗਾ ਜਿੰਨੀ ਜਲਦੀ ਸਮੱਸਿਆ ਦਾ ਪਤਾ ਲੱਗਦਾ ਹੈ ਅਤੇ ਸੋਧੇ ਹੋਏ ਪ੍ਰਬੰਧਾਂ ਬਾਰੇ ਤੁਹਾਨੂੰ ਜਿੰਨੀ ਜਲਦੀ ਸੰਭਵ ਹੋਇਆ, ਸੂਚਿਤ ਕਰ ਦਿੱਤਾ ਜਾਵੇਗਾ। ਜੇ ਕਿਸੇ ਵਿੱਦਿਅਕ ਮਨੋਵਿਗਿਆਨੀ ਦੇ ਕੰਮ ਤੋਂ ਲੰਬੇ ਸਮੇਂ ਦੀ ਮਿਆਦ ਵਾਸਤੇ ਗੈਰ-ਹਾਜ਼ਰ ਹੋਣ ਦੀ ਸੰਭਾਵਨਾ ਹੈ ਤਾਂ ਸੇਵਾ ਸੰਕਟਕਾਲੀ ਕੱਜਣ (cover) ਪ੍ਰਬੰਧਾਂ ਨੂੰ ਮੁਹੱਈਆ ਕਰਾਉਣ ਲਈ ਪੂਰਾ ਯਤਨ ਕਰੇਗੀ।

ਸਾਡਾ ਵਰਤਮਾਨ ਸਮਾਂ ਅਵੰਡਨ ਦਾ ਮਾਡਲ, ਸਕੂਲ/ਹੋਰ ਅਦਾਰਿਆਂ ਦੀ ਲੋੜ ਦੀ ਪਛਾਣ ਕਰਨ ਅਤੇ ਇਸਦਾ ਹੁੰਗਾਰਾ ਭਰਨ ਲਈ ਇੱਕ ਵਧੀਆ, ਜਾਇਜ਼ ਅਤੇ ਪਾਰਦਰਸ਼ੀ ਤਰੀਕਾ ਮੁਹੱਈਆ ਕਰਾਉਣ ਦੀ ਕੋਸ਼ਿਸ਼ ਕਰਦਾ ਹੈ। ਇਸ ਬਾਰੇ ਰਣਨੀਤਕ ਗੁੱਟਾਂ ਦੀ ਸਹਿਮਤੀ ਹੋਈ ਹੈ ਜਿੰਨ੍ਹਾਂ ਵਿੱਚ ਸਕੂਲ ਦੇ ਪ੍ਰਤੀਨਿਧ ਵੀ ਸ਼ਾਮਲ ਹਨ ਅਤੇ ਇਹ ਵੱਧ ਤੋਂ ਵੱਧ ਸੰਭਵ ਸਮਾਂ ਸਥਾਪਨਾਵਾਂ ਨੂੰ ਦਿੰਦਾ ਹੈ।

ਸਕੂਲਾਂ ਵਾਸਤੇ ਫਾਰਮੂਲਾ ਕਿਸੇ ਸਕੂਲ ਵਿੱਚ ਦਰਜ਼ ਵਿਦਿਆਰਥੀਆਂ ਦੀ ਸੰਖਿਆ ਅਤੇ ਉਸ ਸਕੂਲ ਵਿੱਚ ਮੁਫਤ ਸਕੂਲੀ ਖਾਣਾ ਪ੍ਰਾਪਤ ਕਰ ਰਹੇ ਵਿਦਿਆਰਥੀਆਂ ਦੀ ਸੰਖਿਆ (NP) ਤੇ ਆਧਾਰਿਤ ਹੁੰਦਾ ਹੈ। ਪਰ ਫਿਰ ਵੀ, ਅਮਲੇ ਵਿੱਚ ਆਈਆਂ ਤਬਦੀਲੀਆਂ ਜਾਂ ਅਮਲੇ ਦੀ ਘੱਟ ਗਿਣਤੀ ਦੀ ਸੂਰਤ ਵਿੱਚ ਸਕੂਲ ਦੇ ਕਾਰਜ ਕਾਲਾਂ ਵਿੱਚ ਫੇਰ ਬਦਲ ਕੀਤੇ ਜਾਣ ਦੀ ਲੋੜ ਪੈ ਸਕਦੀ ਹੈ। ਕਾਰਜ ਕਾਲ ਆਮ ਤੌਰ ਤੇ ਸਕੂਲਾਂ ਨੂੰ ਟਰਮ ਦੇ ਆਧਾਰ ਤੇ ਵੰਡੇ ਜਾਂਦੇ ਹਨ, ਕਿਉਂਕਿ ਟੀਚਾ ਹੈ ਸਕੂਲਾਂ ਨੂੰ ਨਿਰੰਤਰ ਲੋੜਾਂ ਦੀ ਪਛਾਣ ਕਰਨ, ਯੋਜਨਾ ਬਣਾਉਣ ਅਤੇ ਇਨ੍ਹਾਂ ਦਾ ਹੁੰਗਾਰਾ ਦੇਣ ਦੇ ਯੋਗ ਬਣਾਉਣਾ।

ਸ਼ੁਰੂਆਤੀ ਸਾਲ, ਬੋਰੋ ਤੋਂ ਬਾਹਰਲੇ ਸੰਭਾਲਕਾਂ, PCMHT, ਅਤੇ ਵਿਕਾਸ ਕਾਰਜ ਵਾਸਤੇ ਸਮਾਂ ਅਨੁਪਾਤਕੀ 'ਟੀਸੀ ਤੋਂ ਕਤਰਨ' ਆਧਾਰ ਤੇ ਵਾਪਰਦਾ ਹੈ।

- **ਯੋਜਨਾਬੰਦੀ ਬੈਠਕਾਂ**

ਵਰਤਮਾਨ ਸਮੇਂ ਹਰ ਸਕੂਲ ਨੂੰ ਪ੍ਰਤੀ ਅਕਾਦਮਿਕ ਸਾਲ ਦੋ ਯੋਜਨਾਬੰਦੀ ਬੈਠਕਾਂ ਦੀ ਪੇਸ਼ਕਸ਼ ਕੀਤੀ ਜਾਂਦੀ ਹੈ। ਯੋਜਨਾਬੰਦੀ ਬੈਠਕ ਪ੍ਰਕਿਰਿਆ ਸਕੂਲਾਂ ਨੂੰ ਪ੍ਰਣਾਲੀ ਸਬੰਧੀ ਮੁੱਦਿਆਂ ਦੇ ਨਾਲ ਨਾਲ ਅਜਿਹੇ ਮੁੱਦਿਆਂ ਤੇ ਵਿੱਦਿਅਕ ਮਨੋਵਿਗਿਆਨਕ ਸੇਵਾ (EPS) ਅਤੇ ਹੋਰ ਸੇਵਾਵਾਂ ਨਾਲ ਵਿਚਾਰ ਵਟਾਂਦਰੇ ਕਰਨ ਦਾ ਮੌਕਾ ਦਿੰਦੀ ਹੈ ਜੋ ਵਿਅਕਤੀਗਤ ਵਿਦਿਆਰਥੀਆਂ ਨਾਲ ਸਬੰਧ ਰੱਖਦੇ ਹਨ। ਅਕਸਰ ਇਹ ਵਿਚਾਰ ਵਟਾਂਦਰੇ ਸਕੂਲ ਦੀਆਂ ਵਿਦਿਆਰਥੀਆਂ ਨਾਲ ਦਖ਼ਲ ਅੰਦਾਜ਼ੀਆਂ ਨੂੰ ਸੂਚਿਤ ਕਰ ਸਕਦੇ ਹਨ। ਇਸਤੋਂ ਇਲਾਵਾ, ਯੋਜਨਾਬੰਦੀ ਬੈਠਕਾਂ ਵਿੱਚ ਹੋਣ ਵਾਲੇ ਵਿਚਾਰ ਵਟਾਂਦਰੇ ਸਕੂਲ ਦੇ ਅਮਲੇ ਨੂੰ ਅਗਲੀ ਟਰਮ/ਅਗਲੀਆਂ ਦੋ ਟਰਮਾਂ ਵਾਸਤੇ ਵਿੱਦਿਅਕ ਮਨੋਵਿਗਿਆਨ ਸੇਵਾ (EPS) ਸ਼ਮੂਲੀਅਤ ਦਾ ਤਰਜੀਹੀਕਰਨ ਕਰਨ ਵਿੱਚ ਮਦਦ ਕਰਦੇ ਹਨ। ਸਾਰੇ ਨਵੇਂ ਕਾਰਜ ਬਾਰੇ ਸਬੰਧਿਤ ਵਿੱਦਿਅਕ ਮਨੋਵਿਗਿਆਨੀ (EP) ਨਾਲ ਯੋਜਨਾਬੰਦੀ ਬੈਠਕ ਵਿੱਚ ਸਹਿਮਤੀ ਕੀਤੀ ਜਾਂਦੀ ਹੈ। ਹੋਰਨਾਂ ਅਦਾਰਿਆਂ ਤੋਂ ਮਿਲੀਆਂ ਪੁੱਛਗਿੱਛਾਂ ਨੂੰ ਯੋਜਨਾਬੰਦੀ ਬੈਠਕਾਂ ਵਿੱਚ ਵਿਚਾਰ ਵਟਾਂਦਰੇ ਅਤੇ ਸੰਭਾਵਿਤ ਤਰਜੀਹੀਕਰਨ ਲਈ ਲਿਆਂਦਾ ਜਾਵੇਗਾ। ਕੁਝ ਦੁਰਲੱਭ ਹਾਲਾਤਾਂ ਵਿੱਚ, ਜੇ ਕਿਸੇ ਮਨੋਵਿਗਿਆਨੀ ਤੋਂ ਯੋਜਨਾਬੰਦੀ ਬੈਠਕਾਂ ਦੇ ਵਿੱਚ-ਵਿਚਾਲੇ ਕਿਸੇ ਨਵੀਂ ਕਾਰਵਾਈ ਦੀ ਲੋੜ ਹੈ ਤਾਂ ਸਹਿਮਤੀ ਹੋਈਆਂ ਪ੍ਰਾਥਮਿਕਤਾਵਾਂ ਬਾਰੇ ਫਿਰ ਤੋਂ ਗੱਲਬਾਤ ਕੀਤੀ ਜਾ ਸਕਦੀ ਹੈ।

ਸਥਾਨਕ ਅਥਾਰਟੀ ਵੱਲੋਂ ਕਾਰਜ, ਜਿਵੇਂ ਕਿ ਪ੍ਰਣਾਲੀਆਂ ਦਾ ਕਾਰਜ ਜਾਂ ਬਰੋ ਤੋਂ ਬਾਹਰੀ ਸਮੀਖਿਆਵਾਂ ਬਾਰੇ ਢੁਕਵੇਂ ਅਫਸਰ ਨਾਲ ਯੋਜਨਾ ਬਣਾਈ ਜਾਵੇਗੀ। ਸ਼ੁਰੂਆਤੀ ਸਾਲਾਂ ਦੇ ਕਾਰਜ ਦੀ ਯੋਜਨਾ ਸ਼ੁਰੂਆਤੀ ਸਾਲਾਂ ਸਬੰਧੀ ਟੀਮ ਨਾਲ ਬਣਾਈ ਜਾਵੇਗੀ।

## ਪੇਸ਼ੇਵਰਾਨਾ ਸੰਪਰਕ ਅਤੇ ਸਲਾਹ

ਪੇਸ਼ੇਵਰਾਨਾ ਸਲਾਹ ਉਸ ਕੰਮ ਦੇ ਅਨੁਸਾਰ ਦਿੱਤੀ ਜਾਵੇਗੀ ਜੋ ਹੱਥ ਵਿੱਚ ਲਿਆ ਜਾਂਦਾ ਹੈ। ਇਹ ਇੱਕ ਵਿਚਾਰ ਵਟਾਂਦਰੇ, ਸਕੂਲ ਦੇ ਅਮਲੇ ਵੱਲੋਂ ਤਿਆਰ ਕੀਤੇ ਇੱਕ ਲਿਖਤੀ ਨੋਟ, ਇੱਕ ਸੰਖੇਪ ਸਲਾਹ ਮਸ਼ਵਰਾ ਦਸਤਾਵੇਜ਼, ਇੱਕ ਲੰਮੇਰੀ ਰਿਪੋਰਟ ਜਾਂ ਕਦੇ ਕਦੇ ਇੱਕ ਸਾਰ ਅੰਸ਼ ਪੱਤਰ ਦੀ ਸ਼ਕਲ ਅਖਤਿਆਰ ਕਰ ਸਕਦਾ ਹੈ। ਜਿੱਥੇ ਕਿਤੇ ਵੀ ਲਿਖਤੀ ਪ੍ਰਤੀ-ਉੱਤਰ ਮੁਹੱਈਆ ਕਰਾਈ ਜਾਂਦੀ ਹੈ, ਓਥੇ ਇਹ ਸਾਰੇ ਜ਼ਰੂਰੀ ਅੰਕੜਿਆਂ, ਤਾਲਮੇਲ ਅਤੇ ਵਿਸ਼ਲੇਸ਼ਣ ਨੂੰ ਪੂਰਾ ਕਰ ਲੈਣ ਦੇ ਆਮ ਤੌਰ ਤੇ ਛੇ ਕੰਮ ਕਾਜ਼ੀ ਹਫਤਿਆਂ ਦੇ ਅੰਦਰ ਹੁੰਦੀ ਹੈ ਜਾਂ ਇਸਤੋਂ ਵੀ ਪਹਿਲਾਂ ਹੁੰਦੀ ਹੈ। ਮਾਪਿਆਂ ਨੂੰ ਉਨ੍ਹਾਂ ਸਾਰੇ ਪੱਤਰਾਂ ਅਤੇ ਰਿਪੋਰਟਾਂ ਦੀਆਂ ਨਕਲਾਂ ਮਿਲਦੀਆਂ ਹਨ ਜੋ ਉਨ੍ਹਾਂ ਦੇ ਬੱਚੇ ਨਾਲ ਸਬੰਧ ਰੱਖਦੇ ਹਨ। ਕਈ ਵਾਰ ਰਿਪੋਰਟਾਂ ਨੂੰ ਹੋਰਨਾਂ ਪੇਸ਼ੇਵਰਾਂ ਕੋਲ ਵੀ ਭੇਜ ਦਿੱਤਾ ਜਾਂਦਾ ਹੈ। ਜਦੋਂ ਅਜਿਹਾ ਵਾਪਰਦਾ ਹੈ ਤਾਂ ਵਿੱਦਿਅਕ ਮਨੋਵਿਗਿਆਨੀ ਸੇਵਾ ਵਿੱਚ ਪਰਿਭਾਸ਼ਿਤ ਅਗਵਾਈ ਲੀਹਾਂ ਅਤੇ ਸਥਾਨਕ ਅਥਾਰਟੀ ਦੀ ਅੰਕੜੇ ਸੁਰੱਖਿਆ ਨੀਤੀ ਦਾ ਪਾਲਣ ਕਰਦੇ ਹਨ ਅਤੇ ਹਮੇਸ਼ਾ ਮਾਪਿਆਂ ਦੀ ਆਗਿਆ ਮੰਗਣਗੇ।

## ਪ੍ਰਣਾਲੀਆਂ ਦਾ ਆਧਾਰਭੂਤ ਕਾਰਜ

ਇੱਕ ਸਥਾਪਨਾ ਦੇ ਤੌਰ ਤੇ ਤੁਹਾਡੇ ਨਾਲ ਭਾਈਵਾਲੀ ਵਿੱਚ, ਇਸਦੀ ਯੋਜਨਾ ਬਣਾਈ ਜਾਵੇਗੀ, ਮੁਲਾਂਕਣ ਕੀਤਾ ਜਾਵੇਗਾ ਅਤੇ ਇੱਕ ਸਾਰ ਅੰਸ਼ ਦਸਤਾਵੇਜ਼ ਵਜੋਂ ਇਸਨੂੰ ਲਿਖਿਆ ਜਾਵੇਗਾ।

## ਪੱਤਰ ਵਿਹਾਰ

ਜੇ ਕਿਸੇ ਪੱਤਰ ਵਾਸਤੇ ਕੋਈ ਲਿਖਤੀ ਹੁੰਗਾਰਾ ਢੁਕਵਾਂ ਹੈ ਤਾਂ ਇੱਕ ਜਵਾਬ ਆਮ ਤੌਰ ਤੇ 10 ਕੰਮਕਾਜ਼ੀ ਦਿਨਾਂ ਦੇ ਅੰਦਰ ਭੇਜ ਦਿੱਤਾ ਜਾਂਦਾ ਹੈ, ਕਿਉਂਕਿ ਹੋ ਸਕਦਾ ਹੈ ਕਿ ਜਵਾਬ ਦੇਣ ਤੋਂ ਪਹਿਲਾਂ ਜਾਣਕਾਰੀ ਇਕੱਠੀ ਕਰਨਾ ਅਤੇ ਹੋਰਨਾਂ ਲੋਕਾਂ ਨਾਲ ਗੱਲਬਾਤ ਕਰਨਾ ਜ਼ਰੂਰੀ ਹੋਵੇ। ਪਰ ਫਿਰ ਵੀ, ਖਰਚਿਆਂ ਨੂੰ ਘੱਟ ਕਰਨ ਲਈ ਅੰਦਰੂਨੀ ਡਾਕ ਪ੍ਰਣਾਲੀ ਦੀ ਵਰਤੋਂ ਅਤੀ ਜ਼ਰੂਰੀ ਪੱਤਰ ਵਿਹਾਰ ਨੂੰ ਛੱਡਕੇ ਆਮ ਤੌਰ ਤੇ ਕੀਤੀ ਜਾਂਦੀ ਹੈ ਅਤੇ ਹੋ ਸਕਦਾ ਹੈ ਕਿ ਇਸ ਕਰਕੇ ਪੱਤਰਾਂ ਦੇ ਪਹੁੰਚਣ ਵਿੱਚ ਕੁਝ ਦਿਨ ਲੱਗ ਜਾਣ।

## ਮਾਪਿਆਂ ਵੱਲੋਂ ਸੰਪਰਕ

ਵਿੱਦਿਅਕ ਮਨੋਵਿਗਿਆਨਕ ਆਮ ਤੌਰ ਤੇ ਮਾਪਿਆਂ ਵੱਲੋਂ ਕੀਤੀਆਂ ਕਿਸੇ ਵੀ ਪੁੱਛਗਿੱਛਾਂ ਬਾਰੇ ਸਕੂਲ ਦੇ ਅਮਲੇ ਨਾਲ ਵਿਚਾਰ ਵਟਾਂਦਰਾ ਕਰਦੇ ਹਨ। ਕਦੇ ਕਦੇ ਮਾਪੇ ਇਹ ਬੇਨਤੀ ਕਰ ਸਕਦੇ ਹਨ ਕਿ ਅਸੀਂ ਉਨ੍ਹਾਂ ਦੇ ਸ਼ੰਕਿਆਂ ਬਾਰੇ ਉਨ੍ਹਾਂ ਦੇ ਬੇਟੇ ਜਾਂ ਬੇਟੀ ਦੇ ਸਕੂਲ ਨਾਲ ਵਿਚਾਰ ਵਟਾਂਦਰਾ ਨਾ ਕਰੀਏ। ਅਸੀਂ ਇਸ ਇੱਛਾ ਦਾ ਆਦਰ ਕਰਾਂਗੇ। ਪਰ ਫਿਰ ਵੀ, ਅਸੀਂ ਹਮੇਸ਼ਾ ਹੀ ਮਾਪਿਆਂ ਨੂੰ ਇਹ ਜਤਾਉਣ ਦੀ ਕੋਸ਼ਿਸ਼ ਕਰਦੇ ਹਾਂ ਕਿ ਸਕੂਲ ਨਾਲ ਜਾਣਕਾਰੀ ਦੇ ਸਮੁੱਚੇ ਅਤੇ ਖੁੱਲ੍ਹੇ ਵਟਾਂਦਰੇ ਦੀ ਵਧੇਰੇ ਫਲਦਾਇਕ ਹੋਣ ਦੀ ਸੰਭਾਵਨਾ ਹੈ।

## ਸ਼ੰਕਿਆਂ ਨੂੰ ਉਠਾਉਣਾ

ਜੇ ਕਿਸੇ ਵਿੱਦਿਅਕ ਮਨੋਵਿਗਿਆਨਕ ਨੂੰ ਸਕੂਲ ਵਿੱਚ ਕਿਸੇ ਅਜਿਹੀ ਘਟਨਾ ਬਾਰੇ ਕੋਈ ਸ਼ੰਕਾ ਹੈ ਜੋ ਉਨ੍ਹਾਂ ਨੇ ਅੱਖੀਂ ਦੇਖੀ ਹੈ, ਤਾਂ ਉਹ ਆਪਣੇ ਸ਼ੰਕਿਆਂ ਨੂੰ ਮੁੱਖ ਅਧਿਆਪਕ ਜਾਂ ਅਮਲੇ ਦੇ ਕਿਸੇ ਹੋਰ ਸੀਨੀਅਰ ਮੈਂਬਰ ਕੋਲ ਪਹਿਲਾ ਮੌਕਾ ਮਿਲਦੇ ਹੀ ਜਾਂ ਜਿਵੇਂ ਵੀ ਢੁਕਵਾਂ ਹੋਵੇ, ਉਠਾਵੇਗਾ ਜਾਂ ਉਠਾਵੇਗੀ।

## ਬੱਚੇ ਦੀ ਰੱਖਿਆ ਕਰਨਾ

- ਵਿੱਦਿਅਕ ਮਨੋਵਿਗਿਆਨਕ ਹੁਣ ਵਿਗਾਨ ਦੀਆਂ ਬੱਚੇ ਦੀ ਰੱਖਿਆ ਕਰਨ ਦੀਆਂ ਪ੍ਰਕਿਰਿਆਵਾਂ (Wigan Child Safeguarding Procedures) ਦੀ ਪਾਲਣਾ ਕਰਨ ਵਾਸਤੇ ਵਚਨਬੱਧ ਹਨ ਅਤੇ ਜੇ ਉਨ੍ਹਾਂ ਨੂੰ ਕਿਸੇ ਬੱਚੇ ਨੂੰ ਮਹੱਤਵਪੂਰਨ ਖਤਰੇ ਜਾਂ ਨੁਕਸਾਨ ਦੀ ਸ਼ੰਕਾ ਹੈ ਤਾਂ ਉਹ ਅਜਿਹਾ ਕਰਨਗੇ। ਜਿੱਥੇ ਕਿਤੇ ਸ਼ੋਸ਼ਣ ਦਾ ਪ੍ਰਗਟਾਵਾ ਕੀਤਾ ਗਿਆ ਹੈ, ਵਿੱਦਿਅਕ ਮਨੋਵਿਗਿਆਨਕ ਦਾ ਇਹ ਕਰੱਤਵ ਹੈ ਕਿ ਉਹ ਬੱਚੇ ਨੂੰ ਸੂਚਿਤ ਕਰੇ ਕਿ ਉਨ੍ਹਾਂ ਦੀ ਸੁਰੱਖਿਆ ਦੀ ਗਰੰਟੀ ਦੇਣ ਲਈ ਉਨ੍ਹਾਂ ਨੂੰ ਸਕੂਲ ਦੇ ਅਮਲੇ ਦੇ ਕਿਸੇ ਮੈਂਬਰ ਨੂੰ ਸੂਚਿਤ ਕਰਨਾ ਪਵੇਗਾ। ਜਦੋਂ ਅਜਿਹੇ ਪ੍ਰਗਟਾਵੇ ਕੀਤੇ ਜਾਂਦੇ ਹਨ ਤਾਂ ਵਿੱਦਿਅਕ ਮਨੋਵਿਗਿਆਨਕ ਇਮਾਰਤ ਵਿੱਚੋਂ ਬਾਹਰ ਨਿਕਲਣ ਤੋਂ ਪਹਿਲਾਂ ਇਨ੍ਹਾਂ ਪ੍ਰਗਟਾਵਿਆਂ ਬਾਰੇ ਸਕੂਲ ਦੇ ਅਮਲੇ ਦੇ ਕਿਸੇ ਸੀਨੀਅਰ ਮੈਂਬਰ ਨਾਲ ਜਾਂ ਸਕੂਲ ਦੇ ਬਾਲ ਰੱਖਿਆ ਤਾਲਮੇਲਕ (Child Safeguarding Co-ordinator) ਨਾਲ ਵਿਚਾਰ ਵਟਾਂਦਰਾ ਕਰਨਗੇ।

## 8. ਵਿੱਦਿਅਕ ਮਨੋਵਿਗਿਆਨ ਦੇ ਸਮੇਂ ਦੀ ਸਭ ਤੋਂ ਵਧੀਆ ਤਰੀਕੇ ਨਾਲ ਵਰਤੋਂ ਕਿਵੇਂ ਕਰੀਏ

- **ਮਾਪਿਆਂ ਦੀ ਸ਼ਮੂਲੀਅਤ**

ਜਦੋਂ ਕੋਈ ਸਕੂਲ ਕਿਸੇ ਅਜਿਹੇ ਸ਼ੰਕੇ ਬਾਰੇ ਕਿਸੇ ਵਿੱਦਿਅਕ ਮਨੋਵਿਗਿਆਨਕ ਨਾਲ ਸਲਾਹ ਮਸ਼ਵਰਾ ਕਰਨ ਦੀ ਯੋਜਨਾ ਬਣਾਉਂਦਾ ਹੈ ਜਿਸ ਵਿੱਚ ਕੋਈ ਵਿਸ਼ੇਸ਼ ਬੱਚਾ ਸੰਮਿਲਤ ਹੈ ਤਾਂ ਮਾਪਿਆਂ ਜਾਂ ਸੰਭਾਲਕਾਂ ਦੀ ਸੂਚਿਤ ਮਨਜ਼ੂਰੀ ਦੀ ਲੋੜ ਪੈਂਦੀ ਹੈ। ਸਾਰੇ ਨਵੇਂ ਵਿਅਕਤੀਗਤ ਕੇਸ ਕਾਰਜ ਵਾਸਤੇ ਇਹ ਮਨਜ਼ੂਰੀ ਲਾਜ਼ਮੀ ਤੌਰ ਤੇ ਕਿਸੇ ਮਾਪੇ ਦੇ ਸੇਵਾ ਸ਼ਮੂਲੀਅਤ ਲਈ ਬੇਨਤੀ ਫਾਰਮ ਉੱਪਰ ਦਸਤਖਤ ਦੇ ਰੂਪ ਵਿੱਚ ਹੋਣੀ ਲਾਜ਼ਮੀ ਹੈ। ਇੱਕ ਵਾਰ ਜਦੋਂ ਇਹ ਆਗਿਆ ਪ੍ਰਾਪਤ ਕਰ ਲਈ ਗਈ ਹੈ ਤਾਂ ਫੇਰ ਲਿਖਤੀ ਆਗਿਆ ਪ੍ਰਾਪਤ ਕਰਨ ਵਾਸਤੇ ਕੋਈ ਕਾਨੂੰਨੀ ਬੰਦਿਸ਼ ਨਹੀਂ ਹੈ ਜੇਕਰ ਬੱਚੇ ਨੂੰ ਸੇਵਾ ਕੋਲ ਦੁਬਾਰਾ ਭੇਜਿਆ ਜਾਂਦਾ ਹੈ। ਪਰ ਫਿਰ ਵੀ, ਅਜਿਹੇ ਮੁੱਦਿਆਂ ਬਾਰੇ ਮਾਪਿਆਂ ਨੂੰ ਸੂਚਿਤ ਕਰਨਾ ਅਤੇ ਉਨ੍ਹਾਂ ਨੂੰ ਸਲਾਹ ਮਸ਼ਵਰੇ ਵਿੱਚ ਸ਼ਾਮਲ ਕਰਨਾ ਇੱਕ ਚੰਗੀ ਪ੍ਰਥਾ ਦੇ ਤੌਰ ਤੇ ਅਜੇ ਵੀ ਜਾਰੀ ਹੈ ਜੋ ਉਨ੍ਹਾਂ ਦੇ ਬੱਚੇ ਨਾਲ ਸਬੰਧ ਰੱਖਦੇ ਹਨ। ਅਸੀਂ ਇਸ ਗੱਲ ਦਾ ਪੂਰਾ ਆਦਰ ਕਰਦੇ ਹਾਂ ਕਿ ਮਾਪੇ ਆਪਣੇ ਬੱਚੇ ਬਾਰੇ ਸਭ ਤੋਂ ਵੱਧ ਵਿਸਤਰਿਤ ਜਾਣਕਾਰੀ ਰੱਖਦੇ ਹਨ ਅਤੇ ਅਸੀਂ ਮਾਪਿਆਂ ਨਾਲ ਉਸਾਰੂ ਸਿੱਟਿਆਂ ਨੂੰ ਸੁਖਾਲੇ ਬਣਾਉਣ ਲਈ ਭਾਈਵਾਲਾਂ ਵਜੋਂ ਕੰਮ ਕਰਨ ਦੀ ਕੋਸ਼ਿਸ਼ ਕਰਦੇ ਹਾਂ।

- **ਜਵਾਨ ਲੋਕਾਂ ਦੀ ਸ਼ਮੂਲੀਅਤ**

ਜੇਕਰ ਉਹ 10 ਸਾਲਾਂ ਤੋਂ ਵੱਧ ਉਮਰ ਦੇ ਹਨ ਅਤੇ ਉਨ੍ਹਾਂ ਵਿੱਚ ਸਮਝਣ ਅਤੇ ਆਪਣੇ ਫੈਸਲੇ ਖੁਦ ਕਰਨ ਦੀ ਸਮਰੱਥਾ ਹੈ ਤਾਂ ਜਵਾਨ ਲੋਕਾਂ ਦੀ ਲਿਖਤੀ ਆਗਿਆ ਜ਼ਰੂਰੀ ਹੈ। ਮਾੜੀਆਂ ਸਾਖਰਤਾ ਮੁਹਾਰਤਾਂ ਵਾਲੇ ਵਿਦਿਆਰਥੀਆਂ ਵਾਸਤੇ, ਨੋਟ ਕੀਤੀ ਗਈ ਜੁਬਾਨੀ ਆਗਿਆ ਇੱਕ ਸਵੀਕਾਰ ਕਰਨਯੋਗ ਵਿਕਲਪ ਹੈ।

- **ਸਪੱਸ਼ਟ ਅਤੇ ਪੂਰੀ ਜਾਣਕਾਰੀ**

ਜੇ ਕਿਸੇ ਸਲਾਹ ਮਸ਼ਵਰੇ ਜਾਂ ਮੁਲਾਂਕਣ ਪ੍ਰਕਿਰਿਆ ਦੇ ਹਿੱਸੇ ਵਜੋਂ ਕਿਸੇ ਵਿੱਦਿਅਕ ਮਨੋਵਿਗਿਆਨਕ ਨੇ ਕਿਸੇ ਵਿਚਾਰ ਵਟਾਂਦਰੇ ਅਤੇ/ਜਾਂ ਕਿਸੇ ਵਿਅਕਤੀਗਤ ਬੱਚੇ ਨੂੰ ਮਿਲਣ ਵਿੱਚ ਸੰਮਿਲਤ ਹੋਣਾ ਹੈ ਤਾਂ ਹੇਠ ਲਿਖਿਆਂ ਦੀ ਲੋੜ ਹੈ:

❖ ਸੇਵਾ ਸ਼ਮੂਲੀਅਤ ਲਈ ਸਾਰੀਆਂ ਨਵੀਆਂ ਬੇਨਤੀਆਂ ਵਾਸਤੇ ਇੱਕ ਦਸਤਖਤ ਕੀਤਾ ਸੇਵਾ ਬੇਨਤੀ ਫਾਰਮ

❖ ਜੀਵਨੀ ਨਾਲ ਸਬੰਧਿਤ ਅਤੇ ਪਰਿਵਾਰਕ ਜਾਣਕਾਰੀ ਜਿਸ ਵਿੱਚ ਘਰ ਦਾ ਟੈਲੀਫ਼ੋਨ ਨੰਬਰ, ਮਾਪਿਆਂ ਦੇ ਨਾਮ, ਮਾਪਿਆਂ ਦੀ ਜਿੰਮੇਵਾਰੀ ਵਾਲੇ ਬਾਲਗ ਅਤੇ ਜੇ ਢੁਕਵਾਂ ਹੋਵੇ ਤਾਂ ਤਰਜੀਹੀ ਭਾਸ਼ਾ ਵੀ ਸ਼ਾਮਲ ਹੋਵੇ

❖ ਉਨ੍ਹਾਂ ਬੱਚਿਆਂ ਬਾਰੇ, ਜਿੰਨ੍ਹਾਂ ਨੂੰ ਸੇਵਾ ਪਹਿਲਾਂ ਹੀ ਜਾਣਦੀ ਹੈ, ਅਜਿਹੇ ਸਬੂਤ/ਪੁਸ਼ਟੀ ਹੋਣੀ ਚਾਹੀਦੀ ਹੈ ਕਿ ਬੱਚੇ ਦੇ ਮਾਪਿਆਂ ਨੇ ਸ਼ਮੂਲੀਅਤ ਦੇ ਵਾਪਰਨ ਵਾਸਤੇ ਆਪਣੀ ਮਨਜ਼ੂਰੀ ਦੇ ਦਿੱਤੀ ਹੈ ਜੇਕਰ ਪਿਛਲੀ ਸ਼ਮੂਲੀਅਤ ਨੂੰ 2 ਸਾਲ ਜਾਂ ਇਸਤੋਂ ਵਧੇਰੇ ਸਮਾਂ ਹੋ ਚੁੱਕਾ ਹੋਵੇ

❖ ਸਕੂਲ ਜਾਂ ਮਾਪਿਆਂ ਦੇ ਸ਼ੰਕਿਆਂ ਦਾ ਇੱਕ ਸਾਰ ਅੰਸ਼ ਅਤੇ ਬੱਚੇ/ਜਵਾਨ ਵਿਅਕਤੀ ਦੇ ਨਿੱਜੀ ਦ੍ਰਿਸ਼ਟੀਕੋਣ

❖ ਮੁਲਾਂਕਣ ਜਾਣਕਾਰੀ ਜਿਵੇਂ ਕਿ ਬੱਚੇ ਦੀਆਂ ਵਿਭਿੰਨ ਪਾਠਕ੍ਰਮ ਖੇਤਰਾਂ ਵਿੱਚ ਪ੍ਰਾਪਤੀਆਂ, ਮਜਬੂਤ ਪੱਖ ਅਤੇ ਸਿੱਖਣ ਦੇ ਸਟਾਈਲ, ਕਿਸੇ ਵੀ ਟੈਸਟ ਦੇ ਨਤੀਜੇ ਅਤੇ ਬੱਚੇ ਦੇ ਸਮਾਜਕ ਅਤੇ ਭਾਵਨਾਤਮਕ ਵਿਕਾਸ ਦਾ ਕੋਈ ਵੀ ਪੱਖ ਜੋ ਸਬੰਧਿਤ ਹੋ ਸਕਦਾ ਹੋਵੇ

❖ ਕਿਸੇ ਵੀ ਦਖਲ-ਅੰਦਾਜੀਆਂ ਜਾਂ ਸਹਾਇਤਾ ਦਾ ਬਿਓਰਾ ਜੋ ਸਕੂਲ ਪਹਿਲਾਂ ਹੀ ਪ੍ਰਦਾਨ ਕਰ ਚੁੱਕਾ ਹੋਵੇ

❖ ਬੱਚੇ ਦੀ ਸਭ ਤੋਂ ਤਾਜ਼ੀ ਵਿਅਕਤੀਗਤ ਸਿੱਖਿਆ ਯੋਜਨਾ (Individual Education Plan) , ਵਿਅਕਤੀਗਤ ਵਰਤਾਓ ਯੋਜਨਾ (Individual Behaviour Plan) ਜਾਂ PSP (Pastoral Support Programme) ਵਿੱਚੋਂ ਜੋ ਵੀ ਢੁਕਵਾਂ ਹੋਵੇ ਉਸਦੀ ਇੱਕ ਕਾਪੀ

❖ ਜਿੱਥੇ ਸਭ ਤੋਂ ਮੁੱਖ ਸ਼ੰਕਾ ਬੱਚੇ ਦਾ ਵਰਤਾਓ ਹੈ, ਤਾਂ ਇਸਦੀ ਤੀਬਰਤਾ, ਮਿਆਦ, ਆਵਰਤੀ ਅਤੇ ਸਮੱਸਿਆ ਦੇ ਅੜੀਅਲਪਣ ਨਾਲ ਸਬੰਧਿਤ ਅੰਕੜੇ

❖ ਬੱਚੇ ਦੇ ਆਪਣੇ ਦ੍ਰਿਸ਼ਟੀਕੋਣ ਦਾ ਕੁਝ ਹਵਾਲਾ ਅਤੇ ਜੇ ਇਹ ਕੀਤਾ ਗਿਆ ਹੈ ਤਾਂ ਇੱਕ ਸਾਧਾਰਨ ਮੁਲਾਂਕਣ

ਜਿੱਥੇ ਕਿਤੇ ਵੀ ਸੰਭਵ ਹੋਵੇ ਅਤੇ ਜਿਵੇਂ ਢੁਕਵਾਂ ਹੋਵੇ, ਸਾਨੂੰ ਇਹ ਜਾਣਕਾਰੀ ਮਿਲਣ ਦੇ ਸਮੇਂ ਤੋਂ ਪਹਿਲਾਂ ਪ੍ਰਾਪਤ ਕਰਨ ਦੀ ਲੋੜ ਹੋਵੇਗੀ ਕਿਉਂਕਿ ਇਸ ਨਾਲ ਸਥਾਪਨਾ ਵਿੱਚ ਖਰਚ ਕੀਤੇ ਗਏ ਸਮੇਂ ਦੀ ਸਭ ਤੋਂ ਵਧੀਆ ਵਰਤੋਂ ਕਰਨ ਵਿੱਚ ਮਦਦ ਮਿਲੇਗੀ।

- **ਰਿਹਾਇਸ਼**

ਸਮੇਂ ਦਾ ਸਦ-ਉਪਯੋਗ ਕਰਨ ਵਾਸਤੇ, ਵਿੱਦਿਅਕ ਮਨੋਵਿਗਿਆਨਕਾਂ ਨੂੰ ਢੁਕਵੇਂ ਕਮਰਿਆਂ ਦੀ ਲੋੜ ਹੁੰਦੀ ਹੈ ਤਾਂ ਕਿ ਉਹ ਲੋਕਾਂ ਨਾਲ ਗੱਲਬਾਤ ਕਰ ਸਕਣ। ਕਮਰੇ ਅਤੇ ਪ੍ਰਬੰਧਨਾਂ ਨੂੰ ਬੈਠਕ ਦੇ ਪੇਸ਼ੇਵਰਾਨਾ ਪ੍ਰਵਿਰਤੀ ਦੇ ਹੋਣ ਦੀ ਅਤੇ ਬੱਚੇ ਅਤੇ ਉਸਦੇ ਪਰਿਵਾਰ ਵਾਸਤੇ ਇਸ ਬੈਠਕ ਦੀ ਮਹੱਤਤਾ ਦੀ ਭਾਅ ਮਾਰਨੀ ਚਾਹੀਦੀ ਹੈ। ਇੱਕ ਆਦਰਸ਼ ਕਮਰੇ ਵਿੱਚ ਦਰਵਾਜ਼ੇ ਵਿੱਚ ਇੱਕ ਖਿੜਕੀ ਹੁੰਦੀ ਹੈ ਅਤੇ ਇੱਕ ਮੇਜ਼ ਅਤੇ ਕੁਰਸੀਆਂ ਹੁੰਦੀਆਂ ਹਨ ਜੋ ਕਿ ਕਿਸੇ ਬੱਚੇ ਅਤੇ ਬਾਲਗ ਦੇ ਕੰਮ ਕਰਨ ਵਾਸਤੇ ਢੁਕਵੀਆਂ ਹੋਣ। ਕੁਝ ਕੁ ਹਾਲਾਤਾਂ ਵਿੱਚ ਇੱਕ ਵਿੱਦਿਅਕ ਮਨੋਵਿਗਿਆਨਕ ਕਿਸੇ ਸਕੂਲ ਦੇ ਅਮਲੇ ਦੇ ਮੈਂਬਰ ਨੂੰ ਹਾਜ਼ਰ ਰਹਿਣ ਵਾਸਤੇ ਕਹਿ ਸਕਦਾ ਹੈ ਜਦੋਂ ਉਹ ਕਿਸੇ ਵਿਸ਼ੇਸ਼ ਬੱਚੇ ਜਾਂ ਬਾਲਗਾਂ ਦਾ ਇੰਟਰਵਿਊ ਲੈਂਦਾ ਹੈ ਜਾਂ ਉਨ੍ਹਾਂ ਨਲ ਕੰਮ ਕਰਦਾ ਹੈ।

- **ਬੱਚਿਆਂ, ਮਾਪਿਆਂ ਅਤੇ ਅਮਲੇ ਨਾਲ ਬੈਠਕਾਂ**

ਸਲਾਹ ਮਸ਼ਵਰਾ ਉਨ੍ਹਾਂ ਲੋਕਾਂ ਨਾਲ ਸਿੱਧੇ ਰੂਪ ਵਿੱਚ ਗੱਲਬਾਤ ਕਰਨ ਤੇ ਜੋਰ ਦਿੰਦਾ ਹੈ ਜਿੰਨ੍ਹਾਂ ਨੂੰ ਸਭ ਤੋਂ ਵੱਧ ਸ਼ੰਕਾ ਹੁੰਦਾ ਹੈ ਅਤੇ ਇਸ ਤਰ੍ਹਾਂ ਜਿੰਨ੍ਹਾਂ ਨੂੰ ਬਦਲਣ ਵਾਸਤੇ ਸਭ ਤੋਂ ਜ਼ਿਆਦਾ ਪ੍ਰੇਰਨਾ ਦੀ ਲੋੜ ਹੁੰਦੀ ਹੈ। ਸਲਾਹ ਮਸ਼ਵਰਾ ਪ੍ਰਕਿਰਿਆ, ਉਸ ਪੇਸ਼ੇਵਰਾਨਾ ਵਿਚਾਰ ਵਟਾਂਦਰੇ ਦਾ ਜ਼ਿਕਰਯੋਗ ਮੁੱਲ ਗਿਣਦੀ ਹੈ ਜੋ ਵਿੱਦਿਅਕ ਮਨੋਵਿਗਿਆਨਕਾਂ, ਮਾਪਿਆਂ, ਵਿਦਿਆਰਥੀਆਂ ਅਤੇ ਅਧਿਆਪਕਾਂ ਵਿਚਕਾਰ ਵਾਪਰਦਾ ਹੈ। ਇਸ ਕਰਕੇ, ਅਸੀਂ ਸਕੂਲਾਂ ਨੂੰ ਇਹ ਯਕੀਨੀ ਬਣਾਉਣ ਲਈ ਪ੍ਰਬੰਧ ਕਰਨ ਵਾਸਤੇ ਕਹਿੰਦੇ ਹਾਂ ਕਿ ਬੱਚਾ, ਅਮਲੇ ਦੇ ਮੈਂਬਰ ਅਤੇ ਜਿੱਥੇ ਕਿਤੇ ਮਾਪੇ ਉਪਲਬਧ ਹੋਣ, ਇਹ ਸਾਰੇ ਸਹਿਮਤੀ ਹੋਏ ਸਮੇਂ ਤੇ ਸਲਾਹ ਮਸ਼ਵਰਾ ਪ੍ਰਕਿਰਿਆ ਵਿੱਚ ਸੰਮਿਲਤ ਕੀਤੇ ਜਾਣ।

- **ਪ੍ਰਦਾਨ ਕੀਤੀ ਸੇਵਾ ਬਾਰੇ ਸ਼ੰਕੇ**

ਕਿਰਪਾ ਕਰਕੇ ਸਬੰਧਿਤ ਅਮਲੇ ਦੇ ਮੈਂਬਰ ਨਾਲ ਸਿੱਧੇ ਤੌਰ ਤੇ ਵਿੱਦਿਅਕ ਮਨੋਵਿਗਿਆਨ ਸੇਵਾ (EPS) ਵੱਲੋਂ ਪ੍ਰਦਾਨ ਕੀਤੀ ਗਈ ਸੇਵਾ ਨਾਲ ਸਬੰਧਿਤ ਸ਼ੰਕਿਆਂ ਬਾਰੇ ਵਿਚਾਰ ਵਟਾਂਦਰਾ ਕਰੋ। ਜੇ ਸ਼ੰਕਿਆਂ ਨੂੰ ਸੰਤੋਸ਼ਜਨਕ ਤਰੀਕੇ ਨਾਲ ਇਸ ਪੱਧਰ ਤੇ ਹੱਲ ਨਹੀਂ ਕੀਤਾ ਜਾ ਸਕਦਾ ਤਾਂ ਇੱਕ ਮੁੱਖ ਅਧਿਆਪਕ ਮਾਮਲੇ ਨੂੰ ਵਿੱਦਿਅਕ ਮਨੋਵਿਗਿਆਨ ਸੇਵਾ ਦੀ ਸੀਨੀਅਰ ਪ੍ਰਬੰਧਕੀ ਟੀਮ ਦੇ ਕਿਸੇ ਮੈਂਬਰ ਕੋਲ ਭੇਜ ਸਕਦਾ ਹੈ।

- **ਸੇਵਾ ਵਿੱਚ ਸੁਧਾਰ**

ਅਸੀਂ ਨਿਰੰਤਰ ਸੇਵਾ ਦੀ ਸਮਰੱਥਾ ਦੇ ਅੰਦਰ ਇਸਦੀ ਅਦਾਇਗੀ ਵਿੱਚ ਸੁਧਾਰ ਕਰਨ ਦੇ ਤਰੀਕੇ ਲੱਭ ਰਹੇ ਹਾਂ ਅਤੇ ਇਸ ਬਾਰੇ ਕਿਸੇ ਵੀ ਕਿਸਮ ਦੇ ਪ੍ਰਤੀ-ਉੱਤਰਾਂ ਦਾ ਸੁਆਗਤ ਕਰਦੇ ਹਾਂ।